ਸ਼ੁੱਕਰਵਾਰ, 16 ਅਕਤੂਬਰ, 2026
30 ਅੱਸੂ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 136

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 16 OCTOBER, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12




## ਪਹਿਲੀ ਤੋਂ ਫੋਨ ਦੀ ਸਕਰੀਨ ਅਣਜਾਣੇ ਦਾ ਨਾਂਅ ਸ਼ੋਅ ਕਰੇਗੀ

**ਨਵੀਂ ਦਿੱਲੀ :** ਪਹਿਲੀ ਨਵੰਬਰ ਤੋਂ ਤੁਹਾਨੂੰ ਆਉਣ ਵਾਲੀ ਕਾਲ ਵੇਲੇ ਫੋਨ ਕਰਨ ਵਾਲੇ ਦਾ ਨਾਂਅ ਸਕਰੀਨ 'ਤੇ ਦਿਖਾਈ ਦੇਵੇਗਾ। ਸਿਮ ਖਰੀਦਣ ਲਈ ਵਰਤੀ ਗਈ ਆਈ ਡੀ ਵੇਲੇ ਦਾ ਨਾਂਅ ਪ੍ਰਦਰਸ਼ਤ ਹੋਵੇਗਾ। ਇਹ ਧੋਖਾਧੜੀ ਵਾਲੀਆਂ ਕਾਲਾਂ ਦੀ ਪਛਾਣ ਕਰਨ ਵਿੱਚ ਮਦਦ ਕਰੇਗਾ। ਦੂਰਸੰਚਾਰ ਵਿਭਾਗ ਨੇ ਦੂਰਸੰਚਾਰ ਅਪਰੇਟਰਾਂ ਨੂੰ ਇਹ ਸੇਵਾ ਪਹਿਲੀ ਨਵੰਬਰ ਤੋਂ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਪਭੋਗਤਾਵਾਂ ਨੂੰ ਇਸ ਸੇਵਾ ਨੂੰ ਵੱਖਰੇ ਤੌਰ 'ਤੇ ਕਿਰਿਆਸ਼ੀਲ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਜੇ ਕਾਲ ਕਰਨ ਵਾਲੇ ਦਾ ਨਾਂਅ ਤੁਹਾਡੀ ਸੰਪਰਕ ਸੂਚੀ ਵਿੱਚ ਹੈ, ਤਾਂ ਉਹ ਨਾਂਅ ਦਿਖਾਈ ਦੇਵੇਗਾ। ਜੇ ਨੰਬਰ ਸੇਵ ਨਹੀਂ ਹੈ, ਤਾਂ ਉਹ ਨਾਂਅ ਦਿਖਾਈ ਦੇਵੇਗਾ, ਜੋ ਉਸ ਨੇ ਸਿਮ ਖਰੀਦਣ ਵੇਲੇ ਦਰਜ ਕੀਤਾ ਸੀ। ਕਾਲ ਇੰਟਰਨੈਸ਼ਨਲ ਨੰਬਰ ਤੋਂ ਹੋਵੇਗੀ ਤਾਂ ਸਕਰੀਨ 'ਤੇ ਕੋਈ ਨਾਂਅ ਨਹੀਂ ਆਏਗਾ, ਸਿਰਫ 'ਇੰਟਰਨੈਸ਼ਨਲ ਕਾਲ' ਲਿਖਿਆ ਹੋਵੇਗਾ। ਸਭ ਤੋਂ ਵੱਡਾ ਫਾਇਦਾ ਇਹ ਹੋਵੇਗਾ ਕਿ ਇਹ ਜਾਲ੍ਹੀ ਕਾਲਾਂ, ਸਾਈਬਰ ਧੋਖਾਧੜੀ, ਸਪੈਮ ਕਾਲਾਂ ਅਤੇ ਬਲੈਕਮੇਲਿੰਗ ਵਰਗੀਆਂ ਘਟਨਾਵਾਂ ਨੂੰ ਰੋਕੇਗਾ। ਜਾਲ੍ਹੀ ਨਾਵਾਂ ਹੇਠ ਸਿਮ ਕਾਰਡਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਪਛਾਣ ਕਰਨਾ ਆਸਾਨ ਹੋ ਜਾਵੇਗਾ ਅਤੇ ਉਪਭੋਗਤਾਵਾਂ ਨੂੰ ਹੁਣ ਟਰੂਕਾਲਰ ਵਰਗੇ ਥਰਡ-ਪਾਰਟੀ ਐਪਸ 'ਤੇ ਨਿਰਭਰ ਨਹੀਂ ਕਰਨਾ ਪਵੇਗਾ।

## ਮੋਟਰਬੋਟਾਂ 'ਤੇ ਰੋਕ



**ਸ੍ਰੀਨਗਰ :** ਜੰਮੂ-ਕਸ਼ਮੀਰ ਅਤੇ ਲੱਦਾਖ ਹਾਈ ਕੋਰਟ ਨੇ ਮਸ਼ਹੂਰ ਡੱਲ ਝੀਲ ਵਿੱਚ ਅਗਲੇ ਹੁਕਮਾਂ ਤੱਕ ਸਾਰੀਆਂ ਤੇਲ ਨਾਲ ਚੱਲਣ ਵਾਲੀਆਂ ਮੋਟਰ ਕਿਸ਼ਤੀਆਂ, ਜਿਨ੍ਹਾਂ ਵਿੱਚ ਸ਼ਿਕਾਰਾ ਮੋਟਰਬੋਟ ਅਤੇ ਜੈੱਟ ਸਕੀ ਸ਼ਾਮਲ ਹਨ, ਦੇ ਸੰਚਾਲਨ ਨੂੰ ਮੁਅੱਤਲ ਕਰਨ ਦਾ ਆਦੇਸ਼ ਦਿੱਤਾ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਸੂਰਜੀ ਕਿਸ਼ਤੀਆਂ ਅਤੇ ਇਲੈਕਟ੍ਰਿਕ ਕਿਸ਼ਤੀਆਂ ਸੈਰ-ਸਪਾਟੇ ਅਤੇ ਝੀਲਾਂ ਦੇ ਪਾਲਣ-ਪੋਸ਼ਣ ਵਿਚਕਾਰ ਇਕੁਇਟੀ ਨੂੰ ਸੰਤੁਲਿਤ ਕਰਨ ਲਈ ਇੱਕ ਹੱਲ ਹੋ ਸਕਦੀਆਂ ਹਨ। ਇਹ ਹੁਕਮ ਇੱਕ ਪਟੀਸ਼ਨ ਤੋਂ ਬਾਅਦ ਆਇਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਮੋਟਰਬੋਟਾਂ ਨੂੰ ਧੜਾਧੜ ਦਿੱਤੇ ਜਾ ਰਹੇ ਲਸੰਸ ਮਾਪਦੰਡਾਂ ਅਤੇ ਪਾਰਦਰਸ਼ਤਾ ਤੋਂ ਸੱਖਣੇ ਹਨ।

## 'ਜਨ ਨੀਤੀ ਭਾਰਤ' ਦਾ ਗਠਨ

**ਲਖਨਊ :** ਸਵੈ-ਇੱਛਤ ਸੇਵਾਮੁਕਤੀ ਲੈਣ ਵਾਲੀ ਆਈ ਏ ਐੱਸ ਅਧਿਕਾਰੀ ਦਿਵਿਆ ਮਿੱਤਲ ਨੇ ਵੀਰਵਾਰ 'ਜਨ ਨੀਤੀ ਭਾਰਤ' ਪਾਰਟੀ ਬਣਾਉਣ ਦਾ ਐਲਾਨ ਕੀਤਾ ਅਤੇ ਕਿਹਾ ਕਿ ਉਹ 2027 ਦੀਆਂ ਯੂ ਪੀ ਵਿਧਾਨ ਸਭਾ ਚੋਣਾਂ ਲੜੇਗੀ। ਉਨ੍ਹਾ ਕਿਹਾ ਕਿ ਪਾਰਟੀ ਲੋਕਾਂ ਨੂੰ ਨੀਤੀ ਨਿਰਮਾਣ ਵਿੱਚ ਕੇਂਦਰੀ ਬਣਾਉਣ ਅਤੇ ਇਹ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਤ ਕਰੇਗੀ ਕਿ ਸਰਕਾਰ ਸਿਰਫ ਚੋਣਾਂ ਵਾਲੇ ਦਿਨ ਦੀ ਬਜਾਏ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਉਨ੍ਹਾਂ ਪ੍ਰਤੀ ਜਵਾਬਦੇਹ ਰਹੇ। ਦਿਵਿਆ ਮਿੱਤਲ ਦੇ ਪਤੀ ਗਗਨਦੀਪ ਢਿੱਲੋਂ ਹਨ, ਜਿਨ੍ਹਾ 2022 ਵਿੱਚ ਸਿਵਲ ਸੇਵਾ ਛੱਡ ਦਿੱਤੀ ਸੀ।


ਜ਼ੋਜੀ ਲਾ ਦੱਰੇ 'ਤੇ ਹੋਈ ਬਰਫਬਾਰੀ

# ਆਪਮੁਹਾਰਾ ਪੰਜਾਬ ਬੰਦ





**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**
ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਦੇ ਰੋਸ ਵਜੋਂ ਪਰਵਾਰ ਵੱਲੋਂ ਦਿੱਤੇ ਗਏ ਸੱਦੇ 'ਤੇ ਵੀਰਵਾਰ ਪੰਜਾਬ ਬੰਦ ਲਗਭਗ ਮੁਕੰਮਲ ਰਿਹਾ। ਲੋਕਾਂ ਨੇ ਨਸ਼ਿਆਂ ਦੇ ਨੈੱਟਵਰਕ ਖਿਲਾਫ ਜ਼ੋਰਦਾਰ ਪ੍ਰਦਰਸ਼ਨ ਕੀਤਾ।

ਝੋਟਾ ਦੇ ਪਿਤਾ ਸਾਬਕਾ ਫੌਜੀ ਭੀਮ ਸਿੰਘ ਨੇ ਸਵੇਰੇ ਇਨਸਾਫਪਸੰਦ ਲੋਕਾਂ ਨੂੰ ਸੜਕਾਂ 'ਤੇ ਆਉਣ ਅਤੇ ਕੁਝ ਥਾਵਾਂ 'ਤੇ ਪਏ ਮੀਂਹ ਅਤੇ ਗੜ੍ਹੇਮਾਰੀ ਦੇ ਬਾਵਜੂਦ ਬੰਦ ਨੂੰ ਸਫਲ ਬਣਾਉਣ ਦੀ ਬੇਨਤੀ ਕੀਤੀ। ਕਈ ਕਿਸਾਨ ਜਥੇਬੰਦੀਆਂ, ਸਿਆਸੀ ਪਾਰਟੀਆਂ ਅਤੇ ਵਪਾਰਕ ਸੰਗਠਨਾਂ ਨੇ ਬੰਦ ਦੇ ਸੱਦੇ ਨੂੰ ਸਮਰਥਨ ਦਿੱਤਾ। ਕਈ ਨਿੱਜੀ ਵਿਦਿਅਕ ਅਦਾਰਿਆਂ ਨੇ ਵੀ ਛੁੱਟੀ ਦਾ ਐਲਾਨ ਕਰ ਦਿੱਤਾ। ਇਨਸਾਫ ਦੀ ਮੰਗ ਲਈ ਬਣਾਈ ਗਈ ਐਕਸ਼ਨ ਕਮੇਟੀ ਨੇ ਲੋਕਾਂ ਨੂੰ ਬੰਦ ਦੌਰਾਨ ਅਮਨ-ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ। ਪਰਵਾਰ ਅਤੇ ਐਕਸ਼ਨ ਕਮੇਟੀ ਦੀਆਂ ਮੁੱਖ ਮੰਗਾਂ ਵਿੱਚ ਮੁੱਖ ਮੰਤਰੀ ਅਤੇ ਡੀ ਜੀ ਪੀ ਦਾ ਅਸਤੀਫਾ, ਕਤਲ ਦੀ ਸੀ ਬੀ ਆਈ ਜਾਂਚ ਅਤੇ ਸੰਬੰਧਤ ਜ਼ਿਲ੍ਹਾ ਡਰੱਗ ਇੰਸਪੈਕਟਰ, ਐੱਸ ਐੱਸ ਪੀ, ਡੀ ਐੱਸ ਪੀ ਅਤੇ ਥਾਣਾ ਮੁਖੀ ਨੂੰ ਬਰਖਾਸਤ ਕਰਨਾ ਸ਼ਾਮਲ ਹੈ। ਉਸ ਨੇ ਪ੍ਰਦਰਸ਼ਨਾਂ ਦੇ ਸੰਬੰਧ ਵਿੱਚ ਹਿਰਾਸਤ ਵਿੱਚ ਲਏ ਗਏ ਲੋਕਾਂ ਨੂੰ ਰਿਹਾਅ ਕਰਨ ਦੀ ਵੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਝੋਟਾ ਦੀ ਲਾਸ਼ ਦਾ ਪੀ ਜੀ ਆਈ ਚੰਡੀਗੜ੍ਹ ਦੇ ਡਾਕਟਰਾਂ ਦੇ ਪੈਨਲ ਤੋਂ ਪੋਸਟਮਾਰਟਮ ਕਰਵਾਉਣ ਦੀ ਮੰਗ ਹੈ।

ਉਧਰ ਪਰਵਾਰ ਅਤੇ ਜਥੇਬੰਦੀਆਂ ਵੱਲੋਂ ਦਿੱਤੇ ਜਾ ਰਹੇ ਧਰਨੇ ਵਾਲੀ ਥਾਂ 'ਤੇ ਮੀਂਹ ਦਾ ਪਾਣੀ ਭਰ ਗਿਆ। ਇਹ ਧਰਨਾ ਡਿਪਟੀ ਕਮਿਸ਼ਨਰ ਦੀ ਰਿਹਾਇਸ਼ ਨੇੜੇ ਦਿੱਤਾ ਜਾ ਰਿਹਾ ਹੈ। ਟੈਂਟ ਅਤੇ ਦਰੀਆਂ ਗਦੇਲੇ ਮੀਂਹ ਦੇ ਪਾਣੀ ਵਿੱਚ ਤਰ ਗਏ। ਇਸ ਦੌਰਾਨ 'ਨਿਊ ਦੁਸਹਿਰਾ ਕਮੇਟੀ' ਵੱਲੋਂ ਮਾਨਸਾ ਵਿੱਚ ਦੁਸਹਿਰੇ ਦਾ ਤਿਉਹਾਰ ਨਾ ਮਨਾਉਣ ਦਾ ਫੈਸਲਾ ਕੀਤਾ ਹੈ।

**ਚੇਤਨਪੁਰਾ/ਤਰਸਿੱਕਾ (ਸੁਖਵੰਤ ਚੇਤਨਪੁਰੀ/ਤਰਸੇਮ ਸਿੰਘ ਸਾਧਪੁਰ) :** ਅੰਮ੍ਰਿਤਸਰ-ਮਹਿਤਾ ਸੜਕ 'ਤੇ ਸਥਿਤ ਫਤਿਹਪੁਰ ਰਾਜਪੂਤਾਂ ਅੱਡੇ ਵਿਖੇ ਕੁੱਲ ਹਿੰਦ ਕਿਸਾਨ ਸਭਾ ਅਤੇ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਵੱਲੋਂ ਮਾਨ ਦਾ ਪੁਤਲਾ ਫੂਕਿਆ ਗਿਆ।ਕਿਸਾਨਾਂ ਅਤੇ ਲੋਕਾਂ ਨੇ ਮੁੱਖ ਸੜਕ 'ਤੇ ਧਰਨਾ ਦੇ ਕੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਗਟ ਕੀਤਾ।ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਲਖਬੀਰ ਸਿੰਘ ਨਿਜ਼ਾਮਪੁਰ, ਭੁਪਿੰਦਰ ਸਿੰਘ ਤੀਰਥਪੁਰ, ਰਾਜਬੀਰ ਸਿੰਘ ਫਤਿਹਪੁਰ ਅਤੇ ਅਨਮੋਲ ਸਿੰਘ ਛਾਪਾ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਇੱਕ ਪਾਸੇ ਸਰਕਾਰ ਨਸ਼ਿਆਂ ਵਿਰੁੱਧ ਜੰਗ ਲੜਨ ਦੇ ਦਾਅਵੇ ਕਰ ਰਹੀ ਹੈ, ਦੂਜੇ ਪਾਸੇ ਸੂਬੇ ਅੰਦਰ ਨਸ਼ਾ ਤਸਕਰਾਂ ਦੇ ਹੌਸਲੇ ਏਨੇ ਬੁਲੰਦ ਹਨ ਕਿ ਨਸ਼ਿਆਂ ਵਿਰੁੱਧ ਲੜਾਈ ਲੜਨ ਵਾਲੇ ਪਰਵਿੰਦਰ ਸਿੰਘ ਝੋਟੇ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਆਗੂਆਂ ਨੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਕਿਸਾਨ ਆਗੂਆਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸੰਘਰਸ਼ ਕਰਨ ਵਾਲੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ।ਧਰਨੇ ਤੋਂ ਬਾਅਦ ਕਿਸਾਨਾਂ ਅਤੇ ਹੋਰ ਲੋਕਾਂ ਨੇ ਸਕੂਟਰਾਂ ਤੇ ਮੋਟਰਸਾਈਕਲਾਂ 'ਤੇ ਇਲਾਕੇ ਵਿੱਚ ਮਾਰਚ ਕੀਤਾ ਅਤੇ ਦੁਕਾਨਦਾਰਾਂ, ਕਾਰੋਬਾਰੀਆਂ ਤੇ ਆਮ ਲੋਕਾਂ ਨੂੰ ਪੰਜਾਬ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕੇ ਅਮਰਜੀਤ ਸਿੰਘ ਆਸਲ, ਦਸਵਿੰਦਰ ਕੌਰ, ਵਿਜੈ ਕੁਮਾਰ, ਕੁਲਵੰਤ ਰਾਏ ਬਾਵਾ, ਕਰਨੈਲ ਸਿੰਘ ਨਵਾਂ ਪਿੰਡ, ਬਲਵੰਤ ਸਿੰਘ ਤੀਰਥਪੁਰ, ਮਹਿਲ ਸਿੰਘ ਛਾਪਾ, ਧਰਮਿੰਦਰ ਸਿੰਘ ਕਿਲ੍ਹਾ, ਹਰਜੀਤ ਸਿੰਘ, ਅਮਰਜੀਤ ਸਿੰਘ ਨਿਜ਼ਾਮਪੁਰ, ਗੁਰਮੇਜ ਸਿੰਘ ਮੱਖਣਵਿੰਡੀ, ਜਸਪਾਲ ਸਿੰਘ ਨਬੀਪੁਰ ਸਮੇਤ ਹੋਰ ਇਲਾਕਾ ਵਾਸੀ ਹਾਜ਼ਰ ਸਨ।

• ਬਾਕੀ ਸਫਾ 2 'ਤੇ

## ਝੋਟੇ ਦੀ ਸੋਚ ਨੂੰ ਲੋਕ ਅੰਦੋਲਨ ਬਣਾਉਣ ਤੱਕ ਸੀ ਪੀ ਆਈ ਡਟੇਗੀ : ਚੌਹਾਨ

**ਮਾਨਸਾ (ਆਤਮਾ ਸਿੰਘ ਪਮਾਰ)**
ਐਂਟੀ ਡਰੱਗਜ਼ ਟਾਸਕ ਫੋਰਸ ਦੇ ਮੁਖੀ ਪਰਵਿੰਦਰ ਸਿੰਘ ਝੋਟੇ ਦੀ ਤਸਕਰਾਂ ਵੱਲੋਂ ਕੀਤੇ ਕਤਲ ਦੇ ਇਨਸਾਫ਼ ਤੇ ਮੰਗਾਂ ਨੂੰ ਲਾਗੂ ਕਰਵਾਉਣ ਲਈ ਮਾਨਸਾ ਵਿਖੇ ਚੱਲ ਰਹੇ ਅੰਦੋਲਨ ਦੌਰਾਨ ਪੰਜਾਬ ਬੰਦ ਦੇ ਸੱਦੇ 'ਤੇ ਇਕੱਠ ਵਿੱਚ ਹਾਜ਼ਰ ਹਜ਼ਾਰਾਂ ਲੋਕਾਂ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ।ਸੀ ਪੀ ਆਈ ਦੇ ਸੂਬਾਈ ਸਕੱਤਰੇਤ ਮੈਂਬਰ ਕ੍ਰਿਸ਼ਨ ਸਿੰਘ ਚੌਹਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਝੋਟੇ ਦੀ ਸੋਚ ਜੋ ਪੰਜਾਬ 'ਚੋਂ ਨਸ਼ੇ ਖਤਮ ਕਰਾਉਣ ਅਤੇ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਦੀ ਸੀ, ਉਸ ਨੂੰ ਲੋਕ ਅੰਦੋਲਨ ਬਣਾਉਣ ਤੱਕ ਸੀ ਪੀ ਆਈ ਉਸ ਅੰਦੋਲਨ ਦਾ ਹਿੱਸਾ ਬਣੀ ਰਹੇਗੀ।ਚੌਹਾਨ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਤੇ ਪੰਜਾਬ ਦਾ ਭਵਿੱਖ ਬਚਾਉਣ ਲਈ ਨੌਜਵਾਨ ਅੱਗੇ ਆਉਣ, ਕਿਉਂਕਿ ਨੌਜਵਾਨ ਹੀ ਸਮਾਜ ਖੁਸ਼ਹਾਲ ਬਣਾ ਸਕਦੇ ਹਨ।ਹਾਲਾਤ ਇਹ ਹਨ ਕਿ ਸਰਮਾਏਦਾਰ ਸੋਚ ਵਾਲੀਆਂ ਸਿਆਸੀ ਧਿਰਾਂ ਜੁਆਨੀ ਨੂੰ ਨਸ਼ਿਆਂ ਰਾਹੀਂ ਖਤਮ ਕਰਨ ਦੇ ਰਾਹ ਤੁਰੀਆਂ ਹਨ।ਇਨ੍ਹਾਂ ਧਿਰਾਂ ਨੂੰ ਚਿੰਤਾ ਹੈ ਕਿ ਪੰਜਾਬ ਦੀ ਜਵਾਨੀ ਕਿਤੇ ਰੁਜ਼ਗਾਰ ਪ੍ਰਾਪਤ ਕਰਨ ਦੇ ਸੰਘਰਸ਼ ਦੇ ਰਾਹ ਨਾ ਤੁਰ ਪਵੇ।

ਚੌਹਾਨ ਨੇ ਕਿਹਾ ਕਿ ਨੌਜਵਾਨਾਂ ਦੇ ਮਾਂ-ਬਾਪ ਵੀ ਜੁਆਨੀ ਨੂੰ ਬੁਰੀ ਸੰਗਤ ਤੋਂ ਬਚਾਉਣ ਲਈ ਘਰੇਲੂ ਕੰਮ ਕਰਨ ਵਾਸਤੇ ਪ੍ਰੇਰਿਤ ਕਰਨ।ਸੀ ਪੀ ਆਈ ਦੀ ਪੁਰਜ਼ੋਰ ਮੰਗ ਹੈ ਕਿ ਪਰਵਾਰ ਤੇ ਐਕਸ਼ਨ ਕਮੇਟੀ ਵੱਲੋਂ ਝੋਟਾ ਕਤਲ ਕਾਂਡ ਦੀਆਂ ਮੰਗਾਂ ਨੂੰ ਸਰਕਾਰ ਫੌਰੀ ਤੌਰ 'ਤੇ ਲਾਗੂ ਕਰੇ।ਇਸ ਮੌਕੇ ਰਤਨ ਭੋਲਾ, ਬਲਵੰਤ ਸਿੰਘ ਫੱਕਰ, ਬੂਟਾ ਸਿੰਘ ਬਰਨਾਲਾ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਸੁਖਦੇਵ ਸਿੰਘ ਮਾਨਸਾ ਆਦਿ ਆਗੂਆਂ ਦੀ ਅਗਵਾਈ ਹੇਠ ਸੀ ਪੀ ਆਈ ਸਾਥੀਆਂ ਨੇ ਸ਼ਮੂਲੀਅਤ ਕੀਤੀ।


ਤਰਨ ਤਾਰਨ


ਫਤਿਹਪੁਰ ਰਾਜਪੂਤਾਂ

# ਦਿੱਲੀ 'ਚ ਅੱਜ 'ਲਹਿਰਾ ਦੋ ਤਿਰੰਗਾ'




**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**
ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਸੰਸਥਾਪਕ ਨੇ ਦੋਸ਼ ਲਗਾਇਆ ਹੈ ਕਿ ਪ੍ਰਦਰਸ਼ਨਕਾਰੀਆਂ, ਵਿਦਿਆਰਥੀਆਂ ਅਤੇ ਵਿਰੋਧੀ ਆਗੂਆਂ ਨੂੰ ਚੋਣ ਬੇਨਿਯਮੀਆਂ ਨੂੰ ਲੈ ਕੇ ਚੋਣ ਕਮਿਸ਼ਨ ਦੇ ਮੁਖੀ ਦੇ ਅਸਤੀਫ਼ੇ ਦੀ ਮੰਗ ਕਰਨ ਕਾਰਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦੀਪਕੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਗਿਆਨੇਸ਼ ਕੁਮਾਰ ਨੂੰ ਬਚਾਉਣ ਲਈ ਆਪਣੇ ਹੀ ਦੇਸ਼ ਵਾਸੀਆਂ ਵਿਰੁੱਧ ਜੰਗ ਛੇੜਨ ਦਾ ਦੋਸ਼ ਲਗਾਇਆ। ਦੀਪਕੇ ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ 'ਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਬਚਾਉਣ ਦਾ ਦੋਸ਼ ਲਗਾਇਆ। ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਏ ਆਈ ਐੱਸ ਏ) ਦੀ ਆਗੂ ਨੇਹਾ ਬੋਰਾ, ਸਟੂਡੈਂਟਸ ਫੈਡਰੇਸ਼ਨ ਆਫ਼ ਇੰਡੀਆ (ਐੱਸ ਐੱਫ ਆਈ) ਦੀ ਆਗੂ ਆਇਸ਼ੀ ਘੋਸ਼ ਅਤੇ ਅਦਾਕਾਰ ਪ੍ਰਕਾਸ਼ ਰਾਜ ਦੇ ਨਾਲ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੀਪਕੇ ਨੇ ਪ੍ਰਦਰਸ਼ਨਕਾਰੀਆਂ ਵਿਰੁੱਧ ਪੁਲਸ ਕਾਰਵਾਈ ਦੀ ਆਲੋਚਨਾ ਕੀਤੀ, ਜਿਸ ਤੋਂ ਇੱਕ ਦਿਨ ਬਾਅਦ ਸੀ ਜੇ ਪੀ ਆਗੂਆਂ ਸੌਰਵ ਦਾਸ ਅਤੇ ਆਸ਼ੂਤੋਸ਼ ਰੰਕਾ ਨੂੰ ਪੰਜ ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਅਤੇ ਤਿਹਾੜ ਜੇਲ੍ਹ ਭੇਜਿਆ ਗਿਆ। ਦੀਪਕੇ ਨੇ ਦੋਸ਼ ਲਗਾਇਆ ਕਿ ਵਿਦਿਆਰਥੀਆਂ,

• ਬਾਕੀ ਸਫਾ 2 'ਤੇ

## ਹਾਈ ਕੋਰਟ ਵੱਲੋਂ ਪ੍ਰਦਰਸ਼ਨ 'ਤੇ ਰੋਕ ਤੋਂ ਨਾਂਹ

ਦਿੱਲੀ ਹਾਈ ਕੋਰਟ ਨੇ ਕਾਕਰੋਚ ਜਨਤਾ ਪਾਰਟੀ ਦੇ 16 ਅਕਤੂਬਰ ਨੂੰ ਕਨਾਟ ਪਲੇਸ ਦੇ ਸੈਂਟਰਲ ਪਾਰਕ ਵਿੱਚ ਹੋ ਰਹੇ ਵਿਰੋਧ ਪ੍ਰਦਰਸ਼ਨ ਉੱਪਰ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ ਜਦੋਂ ਕਿ ਪੁਲਸ ਦੇ ਇਸ ਭਰੋਸੇ ਨੂੰ ਰਿਕਾਰਡ 'ਤੇ ਲਿਆ ਕਿ ਪ੍ਰਦਰਸ਼ਨ ਨੂੰ ਨਿਯਮਤ ਕਰਨ ਲਈ ਹਰ ਸੰਭਵ ਕਦਮ ਚੁੱਕੇ ਜਾਣਗੇ। ਕਾਰਜਕਾਰੀ ਚੀਫ਼ ਜਸਟਿਸ ਨਿਤਿਨ ਵਾਸੂਦੇਓ ਸਾਂਬਰੇ ਅਤੇ ਜਸਟਿਸ ਸੰਜੇ ਸ਼ਰਮਾ ਦੀ ਬੈਂਚ ਕਨਾਟ ਪਲੇਸ ਦੇ ਇੱਕ ਵਿਕਰੇਤਾ ਦੁਆਰਾ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ ਜਿਸ ਵਿੱਚ ਸੁਪਰੀਮ ਕੋਰਟ ਦੁਆਰਾ ਨਿਰਧਾਰਤ ਕਾਨੂੰਨ ਅਨੁਸਾਰ ਪ੍ਰਦਰਸ਼ਨ ਨੂੰ ਨਿਯਮਤ ਕਰਨ ਲਈ ਪੁਲਸ ਨੂੰ

• ਬਾਕੀ ਸਫਾ 2 'ਤੇ

## 'ਆਪ' ਵੱਲੋਂ ਦੀਪਕ ਬਾਲੀ ਜਲੰਧਰ ਕੈਂਟ ਦੇ ਹਲਕਾ ਇੰਚਾਰਜ ਨਿਯੁਕਤ

**ਜਲੰਧਰ (ਸੁਰਿੰਦਰ ਕੁਮਾਰ)**



ਆਮ ਆਦਮੀ ਪਾਰਟੀ ਨੇ ਵੀਰਵਾਰ ਨੂੰ ਆਪਣੇ ਪੰਜਾਬ ਦੇ ਜਨਰਲ ਸਕੱਤਰ ਦੀਪਕ ਬਾਲੀ ਨੂੰ ਰਾਜਵਿੰਦਰ ਕੌਰ ਥਿਆੜਾ ਦੀ ਥਾਂ ਜਲੰਧਰ ਕੈਂਟ ਦਾ ਹਲਕਾ ਇੰਚਾਰਜ ਨਿਯੁਕਤ ਕੀਤਾ ਹੈ। ਦੀਪਕ ਬਾਲੀ ਪੰਜਾਬ ਹੈਰੀਟੇਜ ਐਂਡ ਟੂਰਿਜ਼ਮ ਪ੍ਰਮੋਸ਼ਨ ਬੋਰਡ ਦੇ ਵਿਭਾਗ ਦੇ ਸਲਾਹਕਾਰ ਵੀ ਹਨ। ਉਹ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਸਕੱਤਰ ਵੀ ਹਨ। ਉਨ੍ਹਾਂ ਦੀ ਇਹ ਨਿਯੁਕਤੀ ਜਲੰਧਰ ਕੈਂਟ ਦੇ ਵਿਧਾਇਕ ਪਰਗਟ ਸਿੰ ਘ

• ਬਾਕੀ ਸਫਾ 2 'ਤੇ

## ਅਸ਼ਵਨੀ ਦਾ 25 ਤੱਕ ਪੁਲਸ ਰਿਮਾਂਡ

**ਮਾਨਸਾ :** ਪੁਲਸ ਵੱਲੋਂ ਵੀਰਵਾਰ ਪਰਵਿੰਦਰ ਸਿੰਘ ਝੋਟੇ ਦੇ ਕਤਲ ਕੇਸ ਵਿੱਚ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਅਤੇ ਉਸ ਨੂੰ ਪਨਾਹ ਦੇਣ ਵਾਲੇ ਵਿਪਨ ਗਰਗ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਸੀ ਜੀ ਐੱਮ ਰਾਜਿੰਦਰ ਪ੍ਰਸਾਦ ਦੀ ਅਦਾਲਤ ਵੱਲੋਂ ਦੋਵਾਂ ਮੁਲਜ਼ਮਾਂ ਨੂੰ 25 ਅਕਤੂਬਰ ਤੱਕ ਪੁਲਸ ਰਿਮਾਂਡ ਉੱਤੇ ਭੇਜ ਦਿੱਤਾ ਗਿਆ ਹੈ। ਮੁਲਜ਼ਮਾਂ ਨੂੰ ਵੀਡੀਓ ਕਾਨਫ਼ਰੰਸਿੰਗ ਜ਼ਰੀਏ ਪੇਸ਼ ਕੀਤਾ ਗਿਆ। ਪਰਵਿੰਦਰ ਝੋਟੇ ਦੀ ਹੱਤਿਆ ਕਰਨ ਮਗਰੋਂ ਫਰਾਰ ਹੋਏ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਨੂੰ ਬੀਤੇ ਦਿਨ ਰਾਜਸਥਾਨ ਦੇ ਸਾਲਾਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਸ ਨੇ ਅਸ਼ਵਨੀ ਕੁਮਾਰ ਸਮੇਤ ਉਸ ਦੀ ਪਤਨੀ ਨੀਲਮ ਰਾਣੀ ਨੂੰ ਵੀ ਨਾਮਜ਼ਦ ਕੀਤਾ ਹੈ। ਇਸ ਤੋਂ ਇਲਾਵਾ ਲਾਡੀ ਬਰਨਾਲਾ ਅਤੇ ਵਿਪਨ ਗਰਗ 'ਤੇ ਵੀ ਮਾਮਲਾ ਦਰਜ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮ ਅਸ਼ਵਨੀ ਕੁਮਾਰ ਨੇ ਜਦੋਂ ਦੁਕਾਨ 'ਤੇ ਪਰਵਿੰਦਰ ਸਿੰਘ ਝੋਟਾ 'ਤੇ ਗੋਲੀ ਚਲਾਈ, ਉਸ ਤੋਂ ਪਹਿਲਾਂ ਉਸ ਨੇ ਮੋਬਾਈਲ ਫੋਨ 'ਤੇ ਆਪਣੇ ਕਿਸੇ ਪਰਵਾਰਕ ਮੈਂਬਰ ਨਾਲ ਗੱਲਬਾਤ ਕੀਤੀ ਤੇ ਨਾਲ ਹੀ ਪਰਵਿੰਦਰ ਝੋਟਾ 'ਤੇ ਗੋਲੀਆਂ ਵਰ੍ਹਾ ਦਿੱਤੀਆਂ। ਬਾਅਦ ਵਿੱਚ ਉਸ ਨੇ ਬਾਜ਼ਾਰ ਵਿਚ ਵੀ ਭੱਜੇ ਜਾਂਦੇ ਪਰਵਿੰਦਰ ਝੋਟਾ ਤੇ ਉਸ ਦੇ ਸਾਥੀਆਂ 'ਤੇ ਗੋਲੀਆਂ ਚਲਾਈਆਂ। ਕਈ ਵਿਅਕਤੀਆਂ ਨੇ ਦੁਕਾਨਦਾਰ ਨੂੰ ਉਸ ਦਾ ਨਾਂਅ ਲੈ ਕੇ ਰੋਕਿਆ ਵੀ, ਪਰ ਉਹ ਨਹੀਂ ਰੁਕਿਆ। ਡੀ ਆਈ ਜੀ

• ਬਾਕੀ ਸਫਾ 2 'ਤੇ

## ਸੁਪਰੀਮ ਕੋਰਟ ਵੱਲੋਂ ਰਾਹੁਲ ਗਾਂਧੀ ਦੀ ਪਟੀਸ਼ਨ 'ਤੇ ਚੋਣ ਕਮਿਸ਼ਨ ਨੂੰ ਨੋਟਿਸ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਵੀਰਵਾਰ ਨੂੰ ਕਾਂਗਰਸੀ ਆਗੂ ਰਾਹੁਲ ਗਾਂਧੀ ਅਤੇ ਕਈ ਹੋਰ ਵਿਰੋਧੀ ਨੇਤਾਵਾਂ ਵੱਲੋਂ ਵੱਡੇ ਪੱਧਰ 'ਤੇ ਵੋਟਾਂ ਕੱਟਣ ਅਤੇ ਐੱਸ.ਆਈ.ਆਰ. 'ਚ ਕਥਿਤ ਗੜਬੜੀਆਂ ਨੂੰ ਲੈ ਕੇ ਦਾਇਰ ਪਟੀਸ਼ਨ 'ਤੇ ਚੋਣ ਕਮਿਸ਼ਨ ਅਤੇ ਹੋਰਾਂ ਤੋਂ ਜਵਾਬ ਤਲਬ ਕੀਤਾ ਹੈ। ਅਦਾਲਤ ਨੇ ਕਥਿਤ ਐੱਸ ਆਈ ਆਰ ਗੜਬੜੀਆਂ ਵਿਰੁੱਧ ਸਿਖਰਲੀ ਅਦਾਲਤ ਵੱਲ ਮਾਰਚ ਕਰਨ ਦੇ ਮਾਮਲੇ 'ਚ ਗਾਂਧੀ, ਸਪਾ ਮੁਖੀ ਅਖਿਲੇਸ਼ ਯਾਦਵ ਅਤੇ ਹੋਰਾਂ ਵਿਰੁੱਧ ਦਾਇਰ ਇੱਕ ਪਟੀਸ਼ਨ 'ਤੇ ਨੋਟਿਸ ਜਾਰੀ ਕਰਦਿਆਂ ਟਿੱਪਣੀ ਕੀਤੀ ਕਿ ਕੋਈ ਵੀ ਨਿਆਂਪਾਲਿਕਾ ਨੂੰ ਡਰਾ-ਧਮਕਾ ਨਹੀਂ ਸਕਦਾ। ਵਿਰੋਧੀ ਨੇਤਾਵਾਂ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ 'ਤੇ ਆਧਾਰਤ ਬੈਂਚ ਨੇ ਚੋਣ ਪੈਨਲ, ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਤੇ ਚੋਣ ਕਮਿਸ਼ਨਰਾਂ ਸੁਖਬੀਰ ਸਿੰਘ ਸੰਧੂ ਤੇ ਵਿਵੇਕ ਜੋਸ਼ੀ ਨੂੰ ਨੋਟਿਸ ਜਾਰੀ ਕੀਤਾ। ਬੈਂਚ ਨੇ ਕਿਹਾ, "ਅਸੀਂ ਨੋਟਿਸ ਜਾਰੀ ਕਰ ਰਹੇ ਹਾਂ... ਇਸ ਨੂੰ ਪੈਂਡਿੰਗ ਪਏ ਕੇਸਾਂ ਨਾਲ ਜੋੜਿਆ ਜਾ ਰਿਹਾ ਹੈ, ਪਰ ਅਸੀਂ ਪਟੀਸ਼ਨਰਾਂ ਵਿੱਚੋਂ ਇੱਕ ਨ

• ਬਾਕੀ ਸਫਾ 2 'ਤੇ

## ਨਸ਼ਿਆਂ ਦੇ ਮੁੱਦੇ 'ਤੇ ਰਾਹੁਲ ਨੇ ਪੰਜਾਬ ਸਰਕਾਰ ਨੂੰ ਘੇਰਿਆ

**ਨਵੀਂ ਦਿੱਲੀ :** ਕਾਂਗਰਸ ਨੇ ਵੀਰਵਾਰ ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ 'ਤੇ ਨਸ਼ਿਆਂ ਦੇ ਮੁੱਦੇ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਸੁਰੱਖਿਆ ਕਰਨ ਵਿੱਚ ਨਾਕਾਮ ਰਹਿਣ ਦਾ ਦੋਸ਼ ਲਗਾਇਆ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮਾਨਸਾ ਅਤੇ ਸੰਗਰੂਰ ਦੀਆਂ ਘਟਨਾਵਾਂ ਦਾ ਹਵਾਲਾ ਦਿੰਦੇ ਹੋਏ ਦੋਸ਼ ਲਾਇਆ ਕਿ ਨਸ਼ਿਆਂ ਖਿਲਾਫ ਲੜਨ ਵਾਲਿਆਂ ਨੂੰ ਹਿੰਸਾ, ਡਰਾਉਣ-ਧਮਕਾਉਣ ਅਤੇ ਇੱਥੋਂ ਤੱਕ ਕਿ ਮੌਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਰਾਹੁਲ ਗਾਂਧੀ ਨੇ ਨਸ਼ਾ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਜਵਾਨੀ ਪੰਜਾਬ ਦੀ ਨਸ਼ਾ ਜੇ ਖਾਈ ਜਾਂਦਾ,
ਸਿਆਸਤ ਆਪਣੇ ਤੀਰ ਰਹੀ ਛੱਡ ਬੇਲੀ।
ਇੱਕੋ ਮੁੱਦੇ ਦੀ ਲੀਡਰ ਕਈ ਗੱਲ ਕਰਦੇ,
ਫਿਰ ਵੀ ਸੁਰ ਰਹਿੰਦੀ ਅੱਡੋ-ਅੱਡ ਬੇਲੀ।
ਅਗਲੇ ਉੱਪਰ ਹੈ ਕਦੋਂ ਕੀ ਦੋਸ਼ ਲਾਉਣਾ,
ਭਰੀ ਲਿਆਉਂਦੇ ਨੇ ਦੋਸ਼ਾਂ ਦੀ ਗੱਡ ਬੇਲੀ।
ਆਪਣਾ ਭਾਂਡਾ ਸਲਾਹੁਣ ਦੇ ਮਾਹਰ ਸਾਰੇ,
ਕਹਿਣ ਚਿੱਕੜ ਦੀ ਹੋਰਨਾਂ ਨੂੰ ਖੱਡ ਬੇਲੀ।
ਵਿਰੋਧੀ ਧਿਰਾਂ ਦੀ ਸਾਂਝ ਬੱਸ ਇੱਕ ਗੱਲੋਂ,
ਮਾੜਾ ਚੱਲ ਰਿਹਾ ਕਹਿਣਾ ਹੈ ਰਾਜ ਬੇਲੀ।
ਬੋਲਦੇ ਏਸੇ ਤੋਂ ਉਲਟ ਹਨ ਰਾਜ ਕਰਤੇ,
ਛੱਡਦੇ ਕਸਰ ਨਹੀਂ ਕੋਈ ਲਿਹਾਜ਼ ਬੇਲੀ।

-ਤੀਸ ਮਾਰ ਖਾਂ

## ਪੰਜਾਬ 'ਚ 100 ਫੀਸਦੀ ਸਰਕਾਰ ਬਣਾਵਾਂਗੇ : ਪਾਇਲਟ ਦਾ ਦਾਅਵਾ

**ਨਵੀਂ ਦਿੱਲੀ :** ਕਾਂਗਰਸ ਦੇ ਪੰਜਾਬ ਇੰਚਾਰਜ ਸਚਿਨ ਪਾਇਲਟ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿੱਚ 100 ਫੀਸਦੀ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਲੋਕ ਬਦਲਾਅ ਚਾਹੁੰਦੇ ਹਨ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੇ ਕਪਤਾਨ ਪਰਗਟ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਕੋਲ ਇੱਕ ਮਜ਼ਬੂਤ ਟੀਮ ਹੈ। ਪਾਇਲਟ ਨੇ ਸਪੱਸ਼ਟ ਕੀਤਾ ਕਿ ਸੂਬੇ ਵਿੱਚ ਪਾਰਟੀ ਦਾ ਕੋਈ ਮੁੱਖ ਮੰਤਰੀ ਚਿਹਰਾ ਨਹੀਂ ਹੋਵੇਗਾ ਅਤੇ ਸਾਰੇ ਆਗੂ ਇੱਕ ਟੀਮ ਵਜੋਂ ਇਕੱਠੇ ਮਿਲ ਕੇ ਲੜ ਰਹੇ ਹਨ। ਉਨ੍ਹਾ ਕਿਹਾ ਕਿ ਚੋਣਾਂ ਜਿੱਤਣ ਤੋਂ ਬਾਅਦ ਪਾਰਟੀ ਵਰਕਰਾਂ, ਆਗੂਆਂ ਅਤੇ ਵਿਧਾਇਕਾਂ ਦੀ ਸਲਾਹ ਨਾਲ ਮੁੱਖ ਮੰਤਰੀ ਬਾਰੇ ਅੰਤਿਮ ਫੈਸਲਾ ਲਿਆ ਜਾਵੇਗਾ। ਪਾਇਲਟ ਨੇ ਕਿਹਾ ਕਿ ਪੰਜਾਬ ਨੇ ਅਕਾਲੀ ਦਲ-ਭਾਜਪਾ ਅਤੇ 'ਆਪ' ਦੀਆਂ ਸਰਕਾਰਾਂ ਦੇਖੀਆਂ ਹਨ, ਪਰ ਕਾਂਗਰਸ ਨੇ ਹੀ ਅੱਤਵਾਦ ਦਾ ਖਾਤਮਾ ਕੀਤਾ, ਵਿਕਾਸ ਕਰਵਾਇਆ ਅਤੇ ਨਿਵੇਸ਼ ਲਿਆਂਦਾ। ਉਨ੍ਹਾਂ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਪਰਗਟ ਸਿੰਘ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਾਰੇ ਆਗੂਆਂ ਨੂੰ ਨਾਲ ਜੋੜਿਆ ਹੈ ਅਤੇ ਟੀਮ ਦੇ 11 ਖਿਡਾਰੀ ਬਹੁਤ ਮਜ਼ਬੂਤ ਹਨ। ਉਨ੍ਹਾ ਕਿਹਾ ਕਿ ਕਾਂਗਰਸ ਕੋਲ ਪ੍ਰਤਾਪ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਚਰਨਜੀਤ ਸਿੰਘ ਚੰਨੀ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਵਰਗੇ ਤਜਰਬੇਕਾਰ ਅਤੇ ਜ਼ਮੀਨੀ ਪੱਧਰ ਨਾਲ ਜੁੜੇ ਹੋਏ ਆਗੂ ਹਨ, ਜਿਸ ਨਾਲ ਉਨ੍ਹਾਂ ਦੀ ਟੀਮ ਕਾਫ਼ੀ ਮਜ਼ਬੂਤ ਹੈ।

## ਖੱਟਰ ਵੱਲੋਂ ਮਾਨ ਨੂੰ ਕੋਲੇ ਤੇ ਬਿਜਲੀ ਦੀ ਨਿਰਵਿਘਨ ਸਪਲਾਈ ਦਾ ਭਰੋਸਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸਿੰਘ ਸੁਮਨ)**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਨਵੀਂ ਦਿੱਲੀ ਵਿਖੇ ਕੇਂਦਰੀ ਬਿਜਲੀ ਮੰਤਰੀ ਮਨੋਹਰ ਲਾਲ ਖੱਟਰ ਨਾਲ ਅਹਿਮ ਮੁਲਾਕਾਤ ਕੀਤੀ। ਬੈਠਕ ਦੌਰਾਨ ਸੂਬੇ ਵਿੱਚ ਬਿਜਲੀ ਦੀ ਸਪਲਾਈ, ਪਾਵਰ ਪਲਾਂਟਾਂ ਨੂੰ ਕੋਲੇ ਦੀ ਨਿਰਵਿਘਨ ਉਪਲਬਧਤਾ ਅਤੇ ਖੇਤੀਬਾੜੀ ਦੇ ਸੀਜ਼ਨ ਨਾਲ ਜੁੜੇ ਮੁੱਦਿਆਂ 'ਤੇ ਵਿਸਤਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਕੇਂਦਰੀ ਮੰਤਰੀ ਨਾਲ ਸੂਬੇ ਦੀਆਂ ਮੌਜੂਦਾ ਲੋੜਾਂ ਬਾਰੇ ਸਾਰਥਕ ਗੱਲਬਾਤ ਹੋਈ ਹੈ। ਉਨ੍ਹਾ ਕੇਂਦਰ ਸਰਕਾਰ ਨੂੰ ਜਾਣੂ ਕਰਵਾਇਆ ਕਿ ਪੰਜਾਬ ਦੇਸ਼ ਦੇ ਅੰਨ ਭੰਡਾਰ ਵਿੱਚ ਵੱਡਾ ਯੋਗਦਾਨ ਪਾਉਂਦਿਆਂ ਲਗਪਗ 180 ਲੱਖ ਮੀਟ੍ਰਿਕ ਟਨ ਚੌਲ ਪੈਦਾ ਕਰਕੇ ਦਿੰਦਾ ਹੈ, ਜਿਸ ਲਈ ਸੂਬੇ ਨੂੰ ਬਿਜਲੀ ਦੀ ਨਿਰਵਿਘਨ ਸਪਲਾਈ ਦੀ ਸਖਤ ਲੋੜ ਹੈ। ਮੁੱਖ ਮੰਤਰੀ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਕੇਂਦਰੀ ਮੰਤਰੀ ਨੇ ਪੰਜਾਬ ਦੀਆਂ ਲਗਭਗ ਸਾਰੀਆਂ ਮੰਗਾਂ ਨੂੰ ਪ੍ਰਵਾਨ ਕਰ ਲਿਆ ਹੈ ਅਤੇ ਭਰੋਸਾ ਦਿੱਤਾ ਹੈ ਕਿ ਸੂਬੇ ਨੂੰ ਕੋਲੇ ਅਤੇ ਬਿਜਲੀ ਦੀ ਸਪਲਾਈ ਵਿੱਚ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਪੰਜਾਬ ਸਰਕਾਰ ਵੱਲੋਂ ਵੀ ਕੇਂਦਰ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਸੂਬਾ ਦੇਸ਼ ਦੀ ਅੰਨ ਸੁਰੱਖਿਆ ਅਤੇ ਖੁਰਾਕ ਭੰਡਾਰ ਵਿੱਚ ਆਪਣਾ ਯੋਗਦਾਨ ਪੂਰੀ ਤਰ੍ਹਾਂ ਜਾਰੀ ਰੱਖੇਗਾ।

## ਬੈਨਰ ਹਟਾਉਂਦੇ ਸਮੇਂ ਕਰੰਟ ਨਾਲ ਨੌਜਵਾਨ ਦੀ ਮੌਤ

**ਲੁਧਿਆਣਾ (ਨ ਜ਼ ਸ)**-ਇੱਕ ਮੰਦਭਾਗੀ ਘਟਨਾ ਵਿੱਚ ਜਮਾਲਪੁਰ, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਰੋਸ ਪ੍ਰਦਰਸ਼ਨ ਦੌਰਾਨ ਇੱਕ ਬੈਨਰ ਹਟਾਉਂਦੇ ਸਮੇਂ ਕਰੰਟ ਲੱਗਣ ਕਾਰਨ ਲੱਗਭੱਗ 23-24 ਸਾਲ ਦੀ ਉਮਰ ਦੇ ਜਸ਼ਨਦੀਪ ਸਿੰਘ ਨਾਂਅ ਦੇ ਨੌਜਵਾਨ ਦੀ ਮੌਤ ਹੋ ਗਈ। ਬੈਨਰ ਹਟਾਉਂਦੇ ਸਮੇਂ ਉਸ ਨੇ ਇੱਕ ਲੋਹੇ ਦੀ ਰਾਡ ਫੜੀ ਹੋਈ ਸੀ, ਜੋ ਅਚਾਨਕ ਉੱਪਰੋਂ ਲੰਘਦੀ 11,000 ਵੋਲਟ ਦੀ ਹਾਈ-ਟੈਂਸ਼ਨ ਬਿਜਲੀ ਦੀ ਤਾਰ ਨਾਲ ਛੂਹ ਗਈ, ਜਿਸ ਦੇ ਨਤੀਜੇ ਵਜੋਂ ਉਸ ਦੀ ਮੌਤ ਹੋ ਗਈ।

## ਮੁੱਖ ਮੰਤਰੀ ਦੇ ਫਰਾਂਸ ਦੌਰੇ ਦਾ ਮਾਮਲਾ ਹਾਈ ਕੋਰਟ ਪੁੱਜਾ

**ਚੰਡੀਗੜ੍ਹ :** ਵਿਦੇਸ਼ ਮੰਤਰਾਲੇ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੇ ਵਫ਼ਦ ਦੇ ਫਰਾਂਸ ਦੌਰੇ ਨੂੰ ਬਿਨਾਂ ਕਾਰਨ ਦੱਸੇ ਸਿਆਸੀ ਮਨਜ਼ੂਰੀ ਦੇਣ ਤੋਂ ਇਨਕਾਰ ਕਰਨ ਖਿਲਾਫ ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਰੁਖ਼ ਕੀਤਾ ਹੈ। ਇਸ ਵਫ਼ਦ ਵਿੱਚ ਮੁੱਖ ਮੰਤਰੀ ਤੋਂ ਇਲਾਵਾ ਮੁੱਖ ਸਕੱਤਰ ਤੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸ਼ਾਮਲ ਹਨ। ਵਫ਼ਦ ਨੇ ਵਪਾਰ ਨੂੰ ਹੁਲਾਰਾ ਦੇਣ ਲਈ 15 ਤੋਂ 21 ਅਕਤੂਬਰ ਤੱਕ ਫਰਾਂਸ ਦੇ ਦੌਰੇ 'ਤੇ ਜਾਣਾ ਸੀ। ਅਗਲੀ ਸੁਣਵਾਈ ਸ਼ੁੱਕਰਵਾਰ ਨੂੰ ਹੋਵੇਗੀ।

ਨਵਾਂ ਜ਼ਮਾਨਾ
ਸ਼ੁੱਕਰਵਾਰ, 16 ਅਕਤੂਬਰ 2026

# ਨੈੱਟਵਰਕ ਭੰਨਣਾ ਪੈਣਾ

ਨਸ਼ਿਆਂ ਖਿਲਾਫ ਸੰਘਰਸ਼ਸ਼ੀਲ ਪਰਵਿੰਦਰ ਸਿੰਘ ਝੋਟਾ ਦੀ ਮਾਨਸਾ ਦੇ ਮੈਡੀਕਲ ਸਟੋਰ ਮਾਲਕ ਅਸ਼ਵਨੀ ਕੁਮਾਰ ਵੱਲੋਂ ਗੋਲੀਆਂ ਮਾਰ ਕੇ ਕੀਤੀ ਗਈ ਹੱਤਿਆ ਦੇ ਮਾਮਲੇ ਦੀ ਜਾਂਚ ਸਿਰਫ ਆਮ ਕਤਲ ਕੇਸ ਦੀ ਜਾਂਚ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਸਗੋਂ ਨਸ਼ਾ ਤਸਕਰਾਂ, ਅਧਿਕਾਰੀਆਂ ਤੇ ਸਿਆਸੀ ਅਨਸਰਾਂ ਦੀ ਮਿਲੀਭੁਗਤ ਨੂੰ ਵੀ ਬੇਨਕਾਬ ਕੀਤਾ ਜਾਣਾ ਚਾਹੀਦਾ ਹੈ। ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਬੁੱਧਵਾਰ ਲੋਕਾਂ ਦੇ ਰੋਹ-ਭਰੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿੰਨੀ ਸਿਤਮਜ਼ਰੀਫੀ ਹੈ ਕਿ ਜਿਹੜਾ ਵਿਅਕਤੀ ਨਸ਼ਿਆਂ ਖਿਲਾਫ ਆਵਾਜ਼ ਉਠਾਉਂਦਾ ਹੈ, ਉਸ ਦਾ ਹੌਸਲਾ ਵਧਾਉਣ ਦੀ ਥਾਂ ਉਸ ਨੂੰ ਚੁੱਪ ਕਰਾਉਣ ਦੀ ਹੀ ਕੋਸ਼ਿਸ਼ ਕੀਤੀ ਜਾਂਦੀ ਹੈ। ਝੋਟਾ ਕਾਫੀ ਸਮੇਂ ਤੋਂ ਨਸ਼ਿਆਂ ਵਿਰੁੱਧ ਸੰਘਰਸ਼ ਕਰ ਰਿਹਾ ਸੀ। ਨਸ਼ੇ ਦੇ ਕਾਰੋਬਾਰ ਵਿੱਚ ਧਨ ਕਮਾਉਣ ਵਾਲੇ ਅਧਿਕਾਰੀਆਂ, ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ ਦੀਆਂ ਅੱਖਾਂ ਵਿੱਚ ਰੜਕਦਾ ਸੀ। ਭਾਰਤੀ ਕਮਿਊਨਿਸਟ ਪਾਰਟੀ ਦੇ ਪੰਜਾਬ ਦੇ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਤੇ ਕੌਮੀ ਸਕੱਤਰ ਬੰਤ ਸਿੰਘ ਬਰਾੜ ਨੇ ਵੀ ਇਹ ਗੱਲ ਉਭਾਰੀ ਹੈ ਕਿ ਜਦੋਂ ਲੋਕ ਨਸ਼ਿਆਂ ਬਾਰੇ ਸਵਾਲ ਕਰਦੇ ਹਨ ਤਾਂ ਉਸ ਨੂੰ ਸੰਜੀਦਗੀ ਨਾਲ ਲੈ ਕੇ ਸਾਰਥਕ ਕਦਮ ਚੁੱਕਣ ਦੀ ਥਾਂ ਉਲਟਾ ਉਨ੍ਹਾਂ ਨੂੰ ਜ਼ਲੀਲ ਕੀਤਾ ਜਾਂਦਾ ਹੈ।

ਮੌਕੇ ਦੀ ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਬਾਦਲ ਤੇ ਕੈਪਟਨ ਦੀਆਂ ਸਰਕਾਰਾਂ ਨੇ ਵੀ ਸਿਰਫ ਪ੍ਰਸ਼ਾਸਨਿਕ ਕਦਮਾਂ ਨਾਲ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਯਤਨ ਕੀਤੇ ਸਨ, ਪਰ ਸਫਲ ਨਹੀਂ ਰਹੀਆਂ। ਇਤਿਹਾਸ ਗਵਾਹ ਹੈ ਕਿ ਦਹਿਸ਼ਤਗਰਦੀ ਸਿਰਫ ਪ੍ਰਸ਼ਾਸਨਿਕ ਕਦਮਾਂ ਨਾਲ ਨਹੀਂ, ਸਗੋਂ ਲੋਕਾਂ ਦੇ ਸਹਿਯੋਗ ਨਾਲ ਹੀ ਖਤਮ ਕੀਤੀ ਗਈ ਸੀ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੀ ਜਵਾਨੀ ਨੂੰ ਖੋਖਲਾ ਕਰ ਰਹੀ ਨਸ਼ਾ-ਦਹਿਸ਼ਤਗਰਦੀ ਖਿਲਾਫ ਯੁੱਧ ਨੂੰ ਲੋਕਾਂ ਦਾ ਯੁੱਧ ਬਣਾਏ। ਸਾਰੀਆਂ ਪਾਰਟੀਆਂ ਤੇ ਨਸ਼ਿਆਂ ਖਿਲਾਫ ਸੰਘਰਸ਼ਸ਼ੀਲ ਝੋਟੇ ਵਰਗੇ ਲੋਕਾਂ ਨੂੰ ਨਾਲ ਲਵੇ, ਤਾਂ ਹੀ ਉਸ ਦਾ 'ਯੁੱਧ ਨਸ਼ਿਆਂ ਵਿਰੁੱਧ' ਚੰਗੇ ਨਤੀਜੇ ਕੱਢ ਸਕਦਾ ਹੈ। ਨਸ਼ਾ ਤਸਕਰਾਂ-ਸਿਆਸਤਦਾਨਾਂ-ਅਧਿਕਾਰੀਆਂ ਦਾ ਨੈੱਟਵਰਕ ਸਿਰਫ ਪ੍ਰਸ਼ਾਸਨਿਕ ਕਾਰਵਾਈਆਂ ਨਾਲ ਤੋੜਨਾ ਅਸੰਭਵ ਹੈ।

## ਪਾਠਕ-ਸੱਥ

### ਕੁਦਰਤ ਤੇ ਮਨੁੱਖ ਦਾ ਮੁੱਢ-ਕਦੀਮੀ ਰਿਸ਼ਤਾ

ਸਦੀਆਂ ਤੋਂ ਹੀ ਕੁਦਰਤ ਤੇ ਮਨੁੱਖ ਦਾ ਗਹਿਰਾ ਰਿਸ਼ਤਾ ਰਿਹਾ ਹੈ। ਜਨਮ ਤੋਂ ਲੈ ਕੇ ਆਖਰੀ ਸਾਹਾਂ ਤੱਕ ਰੁੱਖ ਮਨੁੱਖ ਦਾ ਸਾਥ ਦਿੰਦੇ ਹਨ।ਧਰਤੀ ਨੂੰ ਰਹਿਣਯੋਗ ਬਣਾਈ ਰੱਖਣ ਤੇ ਵਾਤਾਵਰਣ ਦੇ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਰੁੱਖਾਂ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦਰੱਖ਼ਤ ਧਰਤੀ ਦਾ ਸ਼ਿੰਗਾਰ ਹੁੰਦੇ ਹਨ। ਅੱਜ ਮਨੁੱਖ ਨੇ ਕੁਦਰਤ ਨੂੰ ਤਹਿਸ-ਨਹਿਸ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਰੁੱਖਾਂ ਦੀ ਅੰਨ੍ਹੇਵਾਹ ਕਟਾਈ, ਪਾਣੀ ਦੀ ਹੋ ਰਹੀ ਦੁਰਵਰਤੋਂ, ਘਰਾਂ ਵਿੱਚ ਲੱਗੇ ਏਸੀ ਜਿਹੜੇ ਵਾਤਾਵਰਣ ਵਿੱਚ ਫਿਰ ਤਪਸ਼ ਵਧਾ ਕੇ ਧਰਤੀ ਦਾ ਸੰਤੁਲਨ ਵਿਗਾੜ ਰਹੇ ਹਨ। ਕੁਦਰਤੀ ਸਰੋਤਾਂ ਦਾ ਦੁਰਉਪਯੋਗ ਲਗਾਤਾਰ ਹੋ ਰਿਹਾ ਹੈ। ਦਰਖ਼ਤ ਲਗਾਤਾਰ ਕੱਟਦੇ ਜਾ ਰਹੇ ਹਨ। ਵੱਡੇ-ਵੱਡੇ ਜੰਗਲ ਹੁਣ ਖਤਮ ਹੁੰਦੇ ਜਾ ਰਹੇ ਹਨ, ਜਿਸ ਕਾਰਨ ਪੰਛੀਆਂ ਦੀ ਗਿਣਤੀ ਵੀ ਖਤਮ ਹੋਣ ਕਿਨਾਰੇ ਆ ਚੁੱਕੀ ਹੈ। ਕੁਦਰਤ ਦੇ ਉਲਟ ਚੱਲ ਕੇ ਅੱਜ ਮਨੁੱਖ ਨੇ ਆਪਣੇ ਲਈ ਅਨੇਕ ਸਮੱਸਿਆਵਾਂ ਸਹੇੜ ਲਈਆਂ ਹਨ।

ਪਿਛਲੇ ਸਾਲ ਤੇਲੰਗਾਨਾ ਵਿਖੇ ਕਾਰਪੋਰੇਟ ਘਰਾਣਿਆਂ ਨੇ ਜੰਗਲਾਂ ਨੂੰ ਖਤਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।ਜੀਵ-ਜੰਤੂ ਵੀ ਪ੍ਰਭਾਵਿਤ ਹੋਏ ਸਨ। ਫਿਰ ਵਾਤਾਵਰਨ ਪ੍ਰੇਮੀਆਂ ਨੇ ਅੱਗੇ ਆ ਕੇ ਜੀਵ ਜੰਤੂਆਂ ਦੀ ਰੱਖਿਆ ਕੀਤੀ ਸੀ। ਜੰਗਲਾਂ ਦੀ ਕਟਾਈ 'ਤੇ ਹਾਈ ਕੋਰਟ ਨੂੰ ਦਖਲਅੰਦਾਜ਼ੀ ਕਰਨੀ ਪਈ ਸੀ। ਨਵੰਬਰ ਵਿਖੇ ਅਰਾਵਲੀ ਪਰਬਤ ਸੁਰਖੀਆਂ ਵਿੱਚ ਰਿਹਾ ਹੈ। ਵਿਕਾਸ ਦੀ ਦੌੜ ਵਿੱਚ ਮਨੁੱਖ ਏਨਾ ਬੇਪ੍ਰਵਾਹ ਹੋ ਚੁੱਕਿਆ ਹੈ ਕਿ ਉਸ ਨੇ ਜ਼ਰਾ ਵੀ ਨਹੀਂ ਸੋਚਿਆ ਕਿ ਕੁਦਰਤ ਤੋਂ ਬਿਨਾਂ ਮਨੁੱਖ ਦਾ ਇਥੇ ਕੀ ਜੀਵਨ ਸੰਭਵ ਹੈ?ਪਹਾੜੀ ਖੇਤਰਾਂ ਦੀ ਜੇ ਗੱਲ ਕਰੀਏ ਤਾਂ ਉੱਥੇ ਵੀ ਕੁਦਰਤ ਨੂੰ ਖਤਮ ਕਰਨ ਵਿੱਚ ਮਨੁੱਖ ਨੇ ਪੂਰੀ ਵਾਹ ਲਗਾ ਰੱਖੀ ਹੈ। ਦੋ ਕੁ ਸਾਲ ਪਹਿਲਾਂ ਉਤਰ ਕਾਸ਼ੀ ਵਿਖੇ ਕਈ ਮਕਾਨਾਂ ਵਿੱਚ ਤਰੇੜਾਂ ਆ ਗਈਆਂ ਸਨ। ਲਗਾਤਾਰ ਪਹਾੜਾਂ ਨੂੰ ਕੱਟ ਕੇ ਵੱਡੀਆਂ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ। ਹਿਮਾਚਲ ਪ੍ਰਦੇਸ਼ ਦਾ ਮੈਕਲੋਡਗੰਜ ਵੀ ਸੁਰਖੀਆਂ ਵਿੱਚ ਰਿਹਾ। 2012 ਵਿੱਚ ਜੋ ਹੜ੍ਹਾਂ ਕਾਰਨ ਉੱਤਰਾਖੰਡ ਵਿੱਚ ਨੁਕਸਾਨ ਹੋਇਆ, ਦਿਲ ਕੰਬਾਉਣ ਵਾਲਾ ਸੀ।ਮਨੁੱਖ ਫਿਰ ਵੀ ਨਹੀਂ ਸੰਭਲਿਆ। ਪਾਣੀ ਦੀ ਤੇਜ਼ ਰਫਤਾਰ ਵਿੱਚ ਗੱਡੀਆਂ ਖਿਡੌਣਿਆਂ ਦੀ ਤਰ੍ਹਾਂ ਰੁੜ੍ਹੀਆਂ। ਜਾਨ-ਮਾਲ ਦਾ ਬਹੁਤ ਨੁਕਸਾਨ ਹੋਇਆ। ਅੱਜ ਸ਼ਹਿਰੀ ਖੇਤਰ ਵਿੱਚ ਫੈਕਟਰੀਆਂ ਦੇ ਜ਼ਹਿਰੀਲੇ ਧੂੰਏਂ ਕਾਰਨ ਲੋਕਾਂ ਨੂੰ ਸਾਹ ਲੈਣ ਵਿੱਚ ਦਿੱਕਤ ਆ ਰਹੀ ਹੈ। ਅਸੀਂ ਰੁੱਖਾਂ ਦੀ ਮਹੱਤਤਾ ਨੂੰ ਭੁੱਲ ਚੁੱਕੇ ਹਾਂ। ਰੁੱਖ ਵਰਖਾ ਲਿਆਉਣ ਵਿੱਚ ਸਹਾਈ, ਪੰਛੀਆਂ ਲਈ ਰੈਣ ਬਸੇਰਾ, ਜ਼ਮੀਨ ਨੂੰ ਬੰਜਰ ਹੋਣ ਤੋਂ ਰੋਕਣਾ, ਠੰਢੀ ਛਾਂ, ਲੱਕੜ ਦਾ ਸਾਮਾਨ, ਸਾਫ-ਸੁਥਰੀ ਹਵਾ ਸਾਨੂੰ ਦਿੰਦੇ ਹਨ। ਤਾਜ਼ੀ ਆਕਸੀਜਨ ਦਿੰਦੇ ਹਨ। ਖੇਤਾਂ ਵਿੱਚ ਵਰਤੇ ਜਾਣ ਵਾਲੇ ਕੀਟਨਾਸ਼ਕ, ਦਵਾਈਆਂ, ਵਾਹਨਾਂ ਰਾਹੀਂ ਕੀਤਾ ਜਾ ਰਿਹਾ ਪ੍ਰਦੂਸ਼ਣ ਵਾਤਾਵਰਣ ਨੂੰ ਪਲੀਤ ਕਰ ਰਿਹਾ ਹੈ।ਬਰਸਾਤਾਂ ਦੇ ਮੌਸਮ ਦੌਰਾਨ ਕਈ ਸਮਾਜ ਸੇਵੀ, ਧਾਰਮਿਕ ਜਥੇਬੰਦੀਆਂ ਵੱਲੋਂ ਰੁੱਖ ਲਗਾਏ ਜਾਂਦੇ ਹਨ। ਰੁੱਖ ਲਗਾ ਕੇ ਟਰੀ ਗਾਰਡ ਦੀ ਵਿਵਸਥਾ ਜ਼ਰੂਰ ਹੋਣੀ ਚਾਹੀਦੀ ਹੈ। ਹਰ ਵਿਅਕਤੀ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਤੇ ਉਸ ਨੂੰ ਰੁੱਖਾਂ ਦੀ ਮਹੱਤਤਾ ਪ੍ਰਤੀ ਪਤਾ ਹੋਣਾ ਚਾਹੀਦਾ ਹੈ। ਅੱਜ ਸਮਾਜ ਨੂੰ ਪੂਰੀ ਸੁਹਿਰਦਤਾ ਨਾਲ ਯਤਨਸ਼ੀਲ ਹੋਣ ਦੀ ਲੋੜ ਹੈ। ਤਾਂ ਅਸੀਂ ਵਾਤਾਵਰਣ ਨੂੰ ਹਰਾ ਭਰਿਆ ਰੱਖ ਕੇ ਆਪਣਾ ਯੋਗਦਾਨ ਪਾ ਸਕਦੇ ਹਾਂ।

-ਸੰਜੀਵ ਸਿੰਘ ਸੈਣੀ, ਮੋਹਾਲੀ ,78889-66168

# ਮੰਡੀਆਂ ਅਨਾਜ ਦੀ ਸੁਰੱਖਿਅਤ ਸੰਭਾਲ ਤੋਂ ਅਸਮਰੱਥ ਕਿਉਂ


ਬਿੰਦਰ ਸਿੰਘ ਖੁੱਡੀ ਕਲਾਂ

ਬੀਤੇ ਦਿਨੀਂ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਪਏ ਬੇਮੌਸਮੇ ਮੀਂਹ, ਗੜਿਆਂ ਅਤੇ ਝੁੱਲੇ ਤੇਜ਼ ਹਨੇਰੀ, ਝੱਖੜ ਨੇ ਮੰਡੀਆਂ ਵਿੱਚ ਪਈ ਝੋਨੇ ਦੀ ਅਰਬਾਂ ਰੁਪਏ ਦੀ ਫ਼ਸਲ ਨੂੰ ਜਿਸ ਤਰ੍ਹਾਂ ਤਬਾਹ ਕੀਤਾ ਹੈ, ਉਸ ਨੇ ਸਰਕਾਰੀ ਦਾਅਵਿਆਂ, ਪ੍ਰਬੰਧਕੀ ਤਿਆਰੀਆਂ ਅਤੇ ਸਾਡੇ ਖੇਤੀਬਾੜੀ ਢਾਂਚੇ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਅਸਮਾਨ ਹੇਠ ਖੁੱਲ੍ਹੇ ਵਿੱਚ ਪਈ ਲੱਖਾਂ ਕੁਇੰਟਲ ਝੋਨੇ ਦੀ ਫ਼ਸਲ ਮੀਂਹ ਦੇ ਪਾਣੀ ਵਿੱਚ ਡੁੱਬ ਗਈ, ਬੋਰੀਆਂ ਭਿੱਜ ਗਈਆਂ ਅਤੇ ਕਿਸਾਨਾਂ ਦੀ ਮਹੀਨਿਆਂ ਦੀ ਮਿਹਨਤ ਅੱਖਾਂ ਦੇ ਸਾਹਮਣੇ ਪਾਣੀ ਵਿੱਚ ਰੁੜ੍ਹ ਗਈ। ਇਹ ਤਸਵੀਰਾਂ ਸਿਰਫ਼ ਇੱਕ ਕੁਦਰਤੀ ਆਫ਼ਤ ਦਾ ਨਤੀਜਾ ਨਹੀਂ ਹਨ, ਸਗੋਂ ਇਹ ਸਾਡੇ ਨੀਤੀ-ਘਾੜਿਆਂ, ਪ੍ਰਸ਼ਾਸਨ ਅਤੇ ਮੰਡੀਕਰਨ ਪ੍ਰਣਾਲੀ ਦੀ ਪੂਰਨ ਅਸਫ਼ਲਤਾ ਦੀ ਜਿਉਂਦੀ-ਜਾਗਦੀ ਮਿਸਾਲ ਹਨ। ਸਵਾਲ ਇਹ ਉੱਠਦਾ ਹੈ ਕਿ ਆਖ਼ਿਰ ਆਜ਼ਾਦੀ ਦੇ ਅੱਠ ਦਹਾਕੇ ਬੀਤ ਜਾਣ ਦੇ ਬਾਵਜੂਦ ਸਾਡੀਆਂ ਅਨਾਜ ਮੰਡੀਆਂ ਦੇਸ਼ ਦੇ ਅਨਾਜ ਦੀ ਸੁਰੱਖਿਅਤ ਸੰਭਾਲ ਕਰਨ ਵਿੱਚ ਅਸਮਰਥ ਕਿਉਂ ਹਨ?

ਭਾਰਤ ਵਿੱਚ 1960ਵਿਆਂ ਦੇ ਦਹਾਕੇ ਦੌਰਾਨ ਆਈ ਹਰੀ ਕ੍ਰਾਂਤੀ ਨੇ ਦੇਸ਼ ਨੂੰ ਭੁੱਖਮਰੀ ਦੇ ਦੌਰ ਵਿੱਚੋਂ ਕੱਢ ਕੇ ਅਨਾਜ ਦੇ ਮਾਮਲੇ ਵਿੱਚ ਆਤਮ-ਨਿਰਭਰ ਬਣਾਇਆ ਸੀ। ਇਸ ਹਰੀ ਕ੍ਰਾਂਤੀ ਦਾ ਕੇਂਦਰ ਬਿੰਦੂ ਪੰਜਾਬ ਰਿਹਾ। ਪੰਜਾਬ ਦੇ ਕਿਸਾਨਾਂ ਨੇ ਦੇਸ਼ ਦਾ ਪੇਟ ਭਰਨ ਲਈ ਆਪਣੀਆਂ ਜ਼ਮੀਨਾਂ ਦੀ ਉਪਜਾਊ ਸ਼ਕਤੀ ਦਾ ਘਾਣ ਕੀਤਾ, ਧਰਤੀ ਹੇਠਲੇ ਪਾਣੀ ਨੂੰ ਨਿਚੋੜ ਲਿਆ ਅਤੇ ਰਸਾਇਣਕ ਖਾਦਾਂ ਦਾ ਬੇਤਹਾਸ਼ਾ ਇਸਤੇਮਾਲ ਕੀਤਾ। ਅਫ਼ਸੋਸ ਦੀ ਗੱਲ ਇਹ ਹੈ ਕਿ ਜਿਸ ਦੇਸ਼ ਨੇ ਕਿਸਾਨਾਂ ਤੋਂ ਅਨਾਜ ਦੀ ਪੈਦਾਵਾਰ ਵਧਾਉਣ ਦੀ ਮੰਗ ਤਾਂ ਕੀਤੀ, ਪਰ ਉਸ ਅਨਾਜ ਦੀ ਸਹੀ ਸੰਭਾਲ, ਭੰਡਾਰਨ ਅਤੇ ਮੰਡੀਕਰਨ ਲਈ ਲੋੜੀਂਦਾ ਬੁਨਿਆਦੀ ਢਾਂਚਾ ਤਿਆਰ ਕਰਨ ਵੱਲ ਕਦੇ ਗੰਭੀਰਤਾ ਨਾਲ ਧਿਆਨ ਨਹੀਂ ਦਿੱਤਾ। ਪਿਛਲੇ ਦਿਨੀਂ ਜਦੋਂ ਮੀਂਹ ਪਿਆ ਤਾਂ ਮੰਡੀਆਂ ਵਿੱਚ ਪਾਣੀ ਦੀ ਨਿਕਾਸੀ ਦਾ ਢੁਕਵਾਂ ਪ੍ਰਬੰਧ ਨਾ ਹੋਣ ਕਰਕੇ ਮੰਡੀਆਂ ਛੱਪੜਾਂ ਦਾ ਰੂਪ ਧਾਰਨ ਕਰ ਗਈਆਂ। ਖੁੱਲ੍ਹੇ ਅਸਮਾਨ ਹੇਠ ਲੱਗੇ ਝੋਨੇ ਦੇ ਢੇਰ ਪਾਣੀ ਵਿੱਚ ਡੁੱਬ ਗਏ। ਜਿਹੜੀ ਫ਼ਸਲ ਬੋਰੀਆਂ ਵਿੱਚ ਭਰੀ ਜਾ ਚੁੱਕੀ ਸੀ, ਉਹ ਵੀ ਮੀਂਹ ਵਿੱਚ ਭਿੱਜ ਕੇ ਖਰਾਬ ਹੋ ਗਈ। ਭਿੱਜੇ ਹੋਏ ਝੋਨੇ ਵਿੱਚ ਨਮੀ ਦੀ ਮਾਤਰਾ ਵਧ ਜਾਂਦੀ ਹੈ, ਜਿਸ ਨਾਲ ਦਾਣਾ ਕਾਲਾ ਪੈਣ ਲੱਗਦਾ ਹੈ ਅਤੇ ਅੰਕੁਰਿਤ ਹੋਣ ਦਾ ਖ਼ਤਰਾ ਬਣ ਜਾਂਦਾ ਹੈ। ਇਸ ਦਾ ਸਿੱਧਾ ਨੁਕਸਾਨ ਕਿਸਾਨ ਨੂੰ ਭੁਗਤਣਾ ਪੈਂਦਾ ਹੈ। ਰਾਈਸ ਮਿੱਲਰ ਅਤੇ ਖਰੀਦ ਏਜੰਸੀਆਂ ਨਮੀ ਦਾ ਬਹਾਨਾ ਬਣਾ ਕੇ ਫ਼ਸਲ ਖਰੀਦਣ ਤੋਂ ਇਨਕਾਰ ਕਰ ਦਿੰਦੀਆਂ ਹਨ ਜਾਂ ਫਿਰ ਫ਼ਸਲ 'ਤੇ ਕੱਟ ਲਗਾ ਕੇ ਉਨ੍ਹਾਂ ਨੂੰ ਲੁੱਟਿਆ ਜਾਂਦਾ ਹੈ। ਕਿਸਾਨ ਜਿਹੜਾ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਇਆ ਹੈ ਆਪਣੀ ਫ਼ਸਲ ਦੀ ਬਰਬਾਦੀ ਵੇਖ ਕੇ ਖ਼ੂਨ ਦੇ ਅੱਥਰੂ ਰੋਣ ਲਈ ਮਜ਼ਬੂਰ ਹੋ ਜਾਂਦਾ ਹੈ।

ਸੂਬੇ ਦੀਆਂ ਅਨਾਜ ਮੰਡੀਆਂ ਵਿੱਚ ਬੁਨਿਆਦੀ ਢਾਂਚੇ ਦੀ ਭਾਰੀ ਘਾਟ ਹੈ। ਪੰਜਾਬ ਦੀਆਂ ਜ਼ਿਆਦਾਤਰ ਅਨਾਜ ਮੰਡੀਆਂ ਦੀ ਸਮਰੱਥਾ ਉਸ ਸਮੇਂ ਦੇ ਹਿਸਾਬ ਨਾਲ ਬਣਾਈ ਗਈ ਸੀ ਜਦੋਂ ਫ਼ਸਲ ਦੀ ਪੈਦਾਵਾਰ ਅੱਜ ਦੇ ਮੁਕਾਬਲੇ ਬਹੁਤ ਘੱਟ ਸੀ। ਸਮੇਂ ਦੇ ਨਾਲ-ਨਾਲ ਪੈਦਾਵਾਰ ਤਾਂ ਕਈ ਗੁਣਾ ਵਧ ਗਈ, ਪਰ ਮੰਡੀਆਂ ਦਾ ਆਕਾਰ ਅਤੇ ਸੁਵਿਧਾਵਾਂ ਉੱਥੇ ਹੀ ਖੜ੍ਹੀਆਂ ਰਹੀਆਂ। ਅੱਜਕੱਲ੍ਹ ਕੰਬਾਈਨਾਂ ਨਾਲ ਵਾਢੀ ਹੋਣ ਕਰਕੇ ਕੁਝ ਹੀ ਦਿਨਾਂ ਵਿੱਚ ਲੱਖਾਂ ਟਨ ਝੋਨਾ ਮੰਡੀਆਂ ਵਿੱਚ ਪਹੁੰਚ ਜਾਂਦਾ ਹੈ। ਮੰਡੀਆਂ ਵਿੱਚ ਥਾਂ ਦੀ ਘਾਟ ਕਾਰਨ ਕਿਸਾਨਾਂ ਨੂੰ ਮੰਡੀਆਂ ਦੇ ਬਾਹਰ ਸੜਕਾਂ, ਲਿੰਕ ਰੋਡਾਂ ਅਤੇ ਖਾਲੀ ਪਲਾਟਾਂ ਵਿੱਚ ਫ਼ਸਲ ਸੁੱਟਣੀ ਪੈਂਦੀ ਹੈ। ਮੰਡੀਆਂ ਵਿੱਚ ਪੱਕੇ ਸ਼ੈੱਡਾਂ ਦੀ ਗਿਣਤੀ ਬਹੁਤ ਘੱਟ ਹੈ। ਜਿਸ ਕਰਕੇ 80 ਤੋਂ 90 ਫੀਸਦੀ ਫ਼ਸਲ ਖੁੱਲ੍ਹੇ ਅਸਮਾਨ ਹੇਠ ਹੀ ਰੱਖੀ ਜਾਂਦੀ ਹੈ। ਅਜਿਹੇ ਵਿੱਚ ਜਦੋਂ ਵੀ ਮੌਸਮ ਖਰਾਬ ਹੁੰਦਾ ਹੈ, ਫ਼ਸਲ ਦਾ ਨੁਕਸਾਨ ਹੋਣਾ ਤੈਅ ਹੁੰਦਾ ਹੈ।ਇਸ ਤੋਂ ਇਲਾਵਾ ਮੰਡੀਆਂ ਵਿੱਚ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ, ਰੋਸ਼ਨੀ ਅਤੇ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਬੇਹੱਦ ਨਾਕਸ ਅਤੇ ਖਸਤਾਹਾਲ ਹਨ। ਮੰਡੀ ਬੋਰਡ ਹਰ ਸਾਲ ਕਿਸਾਨਾਂ ਅਤੇ ਵਪਾਰੀਆਂ ਤੋਂ ਕਰੋੜਾਂ ਰੁਪਏ ਦੀ ਮਾਰਕੀਟ ਫੀਸ ਅਤੇ ਰੂਰਲ ਡਿਵੈੱਲਪਮੈਂਟ ਫੰਡ (ਆਰ ਡੀ ਐੱਫ) ਵਸੂਲਦਾ ਹੈ, ਪਰ ਇਸ ਪੈਸੇ ਦੀ ਵਰਤੋਂ ਮੰਡੀਆਂ ਦੇ ਸੁਧਾਰ ਅਤੇ ਆਧੁਨਿਕੀਕਰਨ ਲਈ ਕਰਨ ਦੀ ਬਜਾਏ ਹੋਰ ਗੈਰ-ਖੇਤੀਬਾੜੀ ਕੰਮਾਂ ਵਿੱਚ ਕਰ ਲਈ ਜਾਂਦੀ ਹੈ।

ਖਰੀਦ ਅਤੇ ਚੁਕਾਈ ਦੀ ਸੁਸਤ ਪ੍ਰਕਿਰਿਆ ਹਰ ਵਰ੍ਹੇ ਹੀ ਸਮੱਸਿਆਵਾਂ ਪੈਦਾ ਕਰਦੀ ਹੈ। ਸਰਕਾਰਾਂ ਹਰ ਸਾਲ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਵੱਡੇ-ਵੱਡੇ ਦਾਅਵੇ ਕਰਦੀਆਂ ਹਨ ਕਿ ਖਰੀਦ ਦੇ ਪੁਖ਼ਤਾ ਪ੍ਰਬੰਧ ਕਰ ਲਏ ਗਏ ਹਨ ਅਤੇ ਚੌਵੀ ਘੰਟਿਆਂ ਦੇ ਅੰਦਰ-ਅੰਦਰ ਫ਼ਸਲ ਦੀ ਚੁਕਾਈ ਕੀਤੀ ਜਾਵੇਗੀ, ਪਰ ਹਕੀਕਤ ਵਿੱਚ ਇਹ ਦਾਅਵੇ ਹਵਾ ਵਿੱਚ ਉੱਡ ਜਾਂਦੇ ਹਨ। ਖਰੀਦ ਏਜੰਸੀਆਂ ਦੇ ਅਧਿਕਾਰੀਆਂ ਦੀ ਅਣਗਹਿਲੀ, ਬਾਰਦਾਨੇ ਦੀ ਘਾਟ, ਟਰਾਂਸਪੋਰਟਰਾਂ ਦੀ ਹੜਤਾਲ ਜਾਂ ਆਪਸੀ ਵਿਵਾਦ ਅਤੇ ਰਾਈਸ ਮਿੱਲਰਾਂ ਨਾਲ ਸਰਕਾਰ ਦੇ ਅੜਿੱਕਿਆਂ ਕਾਰਨ ਮੰਡੀਆਂ ਵਿੱਚੋਂ ਫ਼ਸਲ ਦੀ ਚੁਕਾਈ ਹਫ਼ਤਿਆਂ ਤੱਕ ਨਹੀਂ ਹੁੰਦੀ।

ਦੇਸ਼ ਵਿੱਚ ਆਧੁਨਿਕ ਭੰਡਾਰਨ ਪ੍ਰਣਾਲੀ ਦੀ ਭਾਰੀ ਘਾਟ ਹੈ। ਵਿਕਸਤ ਦੇਸ਼ਾਂ ਵਿੱਚ ਅਨਾਜ ਨੂੰ ਮੰਡੀਆਂ ਵਿੱਚ ਖੁੱਲ੍ਹੇ ਵਿੱਚ ਰੱਖਣ ਦੀ ਬਜਾਏ ਸਿੱਧਾ ਆਧੁਨਿਕ ਸਿਲੋਜ਼ ਵਿੱਚ ਭੇਜਿਆ ਜਾਂਦਾ ਹੈ, ਜਿੱਥੇ ਤਾਪਮਾਨ, ਨਮੀ ਅਤੇ ਕੀੜਿਆਂ ਤੋਂ ਬਚਾਅ ਦਾ ਵਿਗਿਆਨਕ ਪ੍ਰਬੰਧ ਹੁੰਦਾ ਹੈ। ਉੱਥੇ ਅਨਾਜ ਸਾਲਾਂ-ਬੱਧੀ ਖਰਾਬ ਨਹੀਂ ਹੁੰਦਾ। ਪਰ ਸਾਡੇ ਦੇਸ਼ ਵਿੱਚ ਅੱਜ ਵੀ ਅਨਾਜ ਨੂੰ ਜੂਟ ਦੀਆਂ ਬੋਰੀਆਂ ਵਿੱਚ ਭਰ ਕੇ, ਖੁੱਲ੍ਹੇ ਮੈਦਾਨਾਂ ਵਿੱਚ ਸਟੋਰ ਕਰ ਦਿੱਤਾ ਜਾਂਦਾ ਹੈ। ਲੱਕੜ ਦੇ ਫੱਟਿਆਂ 'ਤੇ ਬੋਰੀਆਂ ਲਗਾ ਕੇ ਉੱਪਰ ਪਲਾਸਟਿਕ ਦੀਆਂ ਤਰਪਾਲਾਂ ਢੱਕਣ ਦਾ ਇੱਕ ਬਹੁਤ ਹੀ ਅਸੁਰੱਖਿਅਤ ਅਤੇ ਪੁਰਾਣਾ ਤਰੀਕਾ ਹੈ। ਇਸ ਤਰੀਕੇ ਨਾਲ ਰੱਖਿਆ ਅਨਾਜ ਮੌਸਮ ਦੀ ਮਾਰ, ਚੂਹਿਆਂ, ਕੀੜਿਆਂ ਅਤੇ ਸਲ੍ਹਾਬ ਨਾਲ ਹਰ ਸਾਲ ਲੱਖਾਂ ਟਨ ਦੀ ਮਾਤਰਾ ਵਿੱਚ ਗਲ-ਸੜ ਜਾਂਦਾ ਹੈ। ਇੱਕ ਪਾਸੇ ਦੇਸ਼ ਵਿੱਚ ਕਰੋੜਾਂ ਲੋਕ ਕੁਪੋਸ਼ਣ ਅਤੇ ਭੁੱਖਮਰੀ ਦਾ ਸ਼ਿਕਾਰ ਹਨ, ਦੂਜੇ ਪਾਸੇ ਸਰਕਾਰੀ ਅਣਗਹਿਲੀ ਕਾਰਨ ਲੱਖਾਂ ਟਨ ਅਨਾਜ ਰੋੜਿਆਂ ਵਿੱਚ ਰੁਲ ਕੇ ਖਰਾਬ ਹੋ ਜਾਂਦਾ ਹੈ।

ਫ਼ਸਲ ਮੰਡੀ ਵਿੱਚ ਆਉਣ ਤੋਂ ਬਾਅਦ ਉਸ ਦੀ ਸੁਰੱਖਿਆ ਅਤੇ ਗੁਣਵੱਤਾ ਨੂੰ ਕਾਇਮ ਰੱਖਣ ਲਈ ਨੀਤੀਗਤ ਪੱਧਰ 'ਤੇ ਕੋਈ ਠੋਸ ਯੋਜਨਾਬੰਦੀ ਨਹੀਂ ਕੀਤੀ ਜਾਂਦੀ। ਖੇਤੀਬਾੜੀ ਖੇਤਰ ਵਿੱਚ ਸਰਕਾਰੀ ਨਿਵੇਸ਼ ਹਰ ਸਾਲ ਘਟਦਾ ਜਾ ਰਿਹਾ ਹੈ। ਮੰਡੀ ਬੋਰਡ ਅਤੇ ਖੋਜ ਸੰਸਥਾਵਾਂ ਨੂੰ ਲੋੜੀਂਦੇ ਫੰਡ ਨਹੀਂ ਦਿੱਤੇ ਜਾਂਦੇ। ਜਦੋਂ ਵੀ ਕੋਈ ਕੁਦਰਤੀ ਆਫ਼ਤ ਆਉਂਦੀ ਹੈ ਜਾਂ ਬੇਮੌਸਮਾ ਮੀਂਹ ਪੈਂਦਾ ਹੈ, ਤਾਂ ਸਰਕਾਰਾਂ ਕਿਸਾਨਾਂ ਨੂੰ ਮਾਮੂਲੀ ਮੁਆਵਜ਼ਾ ਦੇ ਕੇ ਆਪਣੇ ਫ਼ਰਜ਼ ਤੋਂ ਸੁਰਖ਼ਰੂ ਹੋਣ ਦਾ ਨਾਟਕ ਕਰਦੀਆਂ ਹਨ, ਪਰ ਇਸ ਸਮੱਸਿਆ ਦਾ ਸਥਾਈ ਹੱਲ ਲੱਭਣ ਲਈ ਕੋਈ ਦੀਰਘਕਾਲੀ ਨੀਤੀ ਨਹੀਂ ਬਣਾਈ ਜਾਂਦੀ।

ਖੇਤੀ ਪਹਿਲਾਂ ਹੀ ਘਾਟੇ ਦਾ ਸੌਦਾ ਬਣ ਚੁੱਕੀ ਹੈ ਅਤੇ ਅਜਿਹੇ ਨੁਕਸਾਨ ਕਿਸਾਨਾਂ ਨੂੰ ਹੋਰ ਕਰਜ਼ੇ ਦੀ ਦਲਦਲ ਵਿੱਚ ਧੱਕ ਦਿੰਦੇ ਹਨ। ਪੰਜਾਬ ਵਿੱਚ ਵਧ ਰਹੀਆਂ ਕਿਸਾਨੀ ਖੁਦਕੁਸ਼ੀਆਂ ਪਿੱਛੇ ਇੱਕ ਵੱਡਾ ਕਾਰਨ ਅਜਿਹੀਆਂ ਅਚਾਨਕ ਆਈਆਂ ਕੁਦਰਤੀ ਅਤੇ ਪ੍ਰਬੰਧਕੀ ਆਫ਼ਤਾਂ ਹੀ ਹਨ।ਇਸ ਦੇ ਨਾਲ ਹੀ ਰਾਈਸ ਮਿੱਲਰਾਂ ਅਤੇ ਖਰੀਦ ਏਜੰਸੀਆਂ ਵਿਚਕਾਰ ਚੱਲ ਰਹੀ ਖਿੱਚੋਤਾਣ ਦਾ ਖਮਿਆਜ਼ਾ ਵੀ ਕਿਸਾਨ ਨੂੰ ਹੀ ਭੁਗਤਣਾ ਪੈਂਦਾ ਹੈ। ਸ਼ੈਲਰ ਮਾਲਕ ਭਿੱਜੇ ਹੋਏ ਝੋਨੇ ਨੂੰ ਲੈਣ ਤੋਂ ਸਾਫ਼ ਇਨਕਾਰ ਕਰ ਦਿੰਦੇ ਹਨ, ਕਿਉਂਕਿ ਉਨ੍ਹਾਂ ਦਾ ਤਰਕ ਹੁੰਦਾ ਹੈ ਕਿ ਇਸ ਤੋਂ ਚਾਵਲ ਦੀ ਰਿਕਵਰੀ ਘੱਟ ਹੋਵੇਗੀ ਅਤੇ ਦਾਣਾ ਟੁੱਟ ਜਾਵੇਗਾ, ਜਿਸ ਦਾ ਹਰਜਾਨਾ ਕੇਂਦਰ ਸਰਕਾਰ ਜਾਂ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਉਨ੍ਹਾਂ ਸਿਰ ਪਾਵੇਗੀ। ਕੇਂਦਰ ਸਰਕਾਰ ਦੇ ਸਖ਼ਤ ਨਿਯਮਾਂ ਅਤੇ ਸੂਬਾ ਸਰਕਾਰ ਦੀ ਲਾਚਾਰੀ ਦੇ ਵਿਚਕਾਰ ਕਿਸਾਨ ਪੀਸਿਆ ਜਾਂਦਾ ਹੈ।ਅਸੀਂ ਅੰਤਰਰਾਸ਼ਟਰੀ ਪੱਧਰ 'ਤੇ ਮਹਾਸ਼ਕਤੀ ਬਣਨ ਦੀਆਂ ਗੱਲਾਂ ਕਰਦੇ ਹਾਂ, ਡਿਜੀਟਲ ਇੰਡੀਆ ਅਤੇ ਬੁਲੇਟ ਟਰੇਨਾਂ ਦੇ ਦਾਅਵੇ ਕਰਦੇ ਹਾਂ, ਪਰ ਦੇਸ਼ ਦਾ ਪੇਟ ਭਰਨ ਵਾਲੇ ਅਨਾਜ ਦੀ ਸੁਰੱਖਿਆ ਲਈ ਸਾਡੇ ਕੋਲ ਇੱਕ ਢੁਕਵੀਂ ਛੱਤ ਵੀ ਨਹੀਂ ਹੈ। ਇਹ ਸਥਿਤੀ ਦਰਸਾਉਂਦੀ ਹੈ ਕਿ ਸਾਡੀਆਂ ਪ੍ਰਸ਼ਾਸਨਿਕ ਅਤੇ ਰਾਜਨੀਤਕ ਤਰਜੀਹਾਂ ਵਿੱਚ ਖੇਤੀਬਾੜੀ ਅਤੇ ਕਿਸਾਨ ਕਿੰਨੇ ਹੇਠਲੇ ਪੱਧਰ 'ਤੇ ਹਨ।

ਇਸ ਗੰਭੀਰ ਸਮੱਸਿਆ ਦਾ ਸਥਾਈ ਅਤੇ ਨਿਸ਼ਚਿਤ ਹੱਲ ਕੱਢਣ ਲਈ ਠੋਸ ਅਤੇ ਆਧੁਨਿਕ ਕਦਮ ਚੁੱਕਣ ਦੀ ਲੋੜ ਹੈ। ਸਭ ਤੋਂ ਪਹਿਲਾਂ ਪੰਜਾਬ ਦੀਆਂ ਸਮੁੱਚੀਆਂ ਅਨਾਜ ਮੰਡੀਆਂ ਦਾ ਆਧੁਨਿਕੀਕਰਨ ਕੀਤਾ ਜਾਣਾ ਚਾਹੀਦਾ ਹੈ। ਮੰਡੀਆਂ ਵਿੱਚ 100 ਫੀਸਦੀ ਫ਼ਸਲ ਨੂੰ ਢੱਕਣ ਲਈ ਵਿਸ਼ਾਲ ਅਤੇ ਪੱਕੇ ਸ਼ੈੱਡ ਬਣਾਏ ਜਾਣੇ ਚਾਹੀਦੇ ਹਨ, ਤਾਂ ਜੋ ਭਵਿੱਖ ਵਿੱਚ ਬੇਮੌਸਮੇ ਮੀਂਹ ਨਾਲ ਫ਼ਸਲ ਦਾ ਨੁਕਸਾਨ ਨਾ ਹੋਵੇ। ਮੰਡੀਆਂ ਵਿੱਚ ਵਾਟਰ ਡਰੇਨੇਜ ਯਾਨੀ ਪਾਣੀ ਦੀ ਨਿਕਾਸੀ ਦਾ ਵਿਗਿਆਨਕ ਸਿਸਟਮ ਤਿਆਰ ਕੀਤਾ ਜਾਵੇ, ਤਾਂ ਜੋ ਮੀਂਹ ਪੈਣ 'ਤੇ ਮੰਡੀ ਵਿੱਚ ਇੱਕ ਮਿੰਟ ਵੀ ਪਾਣੀ ਨਾ ਖੜ੍ਹਾ ਹੋ ਸਕੇ। ਪੁਰਾਣੀ ਮੰਡੀਕਰਨ ਅਤੇ ਭੰਡਾਰਨ ਪ੍ਰਣਾਲੀ ਨੂੰ ਬਦਲ ਕੇ ਸਾਈਲੋਜ਼ ਦਾ ਜਾਲ ਵਿਛਾਇਆ ਜਾਣਾ ਚਾਹੀਦਾ ਹੈ। ਬਲਾਕ ਅਤੇ ਤਹਿਸੀਲ ਪੱਧਰ 'ਤੇ ਆਧੁਨਿਕ ਸਾਈਲੋਜ਼ ਬਣਾਏ ਜਾਣ ਜਿੱਥੇ ਕਿਸਾਨ ਆਪਣੀ ਫ਼ਸਲ ਸਿੱਧੀ ਲਿਆ ਕੇ ਸੁੱਟ ਸਕਣ। ਉਥੇ ਫ਼ਸਲ ਦੀ ਸਾਫ਼-ਸਫ਼ਾਈ, ਸੁਕਾਈ ਅਤੇ ਭੰਡਾਰਨ ਦਾ ਕੰਮ ਆਟੋਮੈਟਿਕ ਮਸ਼ੀਨਾਂ ਦੁਆਰਾ ਕੀਤਾ ਜਾਵੇ। ਇਸ ਨਾਲ ਨਾ ਤਾਂ ਮੰਡੀਆਂ ਵਿੱਚ ਭੀੜ ਹੋਵੇਗੀ, ਨਾ ਹੀ ਬਾਰਦਾਨੇ ਦੀ ਲੋੜ ਪਵੇਗੀ ਅਤੇ ਨਾ ਹੀ ਮੌਸਮ ਦੀ ਮਾਰ ਦਾ ਡਰ ਰਹੇਗਾ।ਇਸ ਦੇ ਨਾਲ ਹੀ ਖਰੀਦ ਅਤੇ ਲਿਫ਼ਟਿੰਗ ਦੀ ਪ੍ਰਕਿਰਿਆ ਨੂੰ ਡਿਜੀਟਲ ਅਤੇ ਤੇਜ਼-ਰਫ਼ਤਾਰ ਬਣਾਇਆ ਜਾਵੇ। ਮੰਡੀ ਵਿੱਚ ਫ਼ਸਲ ਆਉਣ ਤੋਂ ਲੈ ਕੇ ਉਸ ਦੀ ਖਰੀਦ ਅਤੇ ਸ਼ੈੱਲਰਾਂ ਤੱਕ ਪਹੁੰਚਾਉਣ ਲਈ ਸਮਾਂ ਸੀਮਾ ਤੈਅ ਕੀਤੀ ਜਾਵੇ। ਜੇਕਰ ਅਧਿਕਾਰੀਆਂ ਜਾਂ ਟਰਾਂਸਪੋਰਟਰਾਂ ਦੀ ਅਣਗਹਿਲੀ ਕਾਰਨ ਮੰਡੀ ਵਿੱਚ ਫ਼ਸਲ ਰੁਲਦੀ ਹੈ ਜਾਂ ਨੁਕਸਾਨ ਹੁੰਦਾ ਹੈ, ਤਾਂ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਹਰਜਾਨਾ ਵਸੂਲਿਆ ਜਾਵੇ।

ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੇਂਦਰ ਸਰਕਾਰ ਨਾਲ ਮਿਲ ਕੇ ਰਾਈਸ ਮਿੱਲਰਾਂ ਦੀਆਂ ਵਾਜਬ ਮੰਗਾਂ ਦਾ ਹੱਲ ਕੱਢੇ ਤਾਂ ਜੋ ਖਰੀਦ ਪ੍ਰਕਿਰਿਆ ਵਿੱਚ ਕੋਈ ਖੜੋਤ ਨਾ ਆਵੇ।ਪੰਜਾਬ ਦੇ ਕਿਸਾਨਾਂ ਨੇ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਲਈ ਆਪਣੀਆਂ ਪੀੜ੍ਹੀਆਂ ਦਾ ਨੁਕਸਾਨ ਕੀਤਾ ਹੈ। ਅੱਜ ਜਦੋਂ ਉਹ ਖੁਦ ਸੰਕਟ ਵਿੱਚ ਹਨ, ਤਾਂ ਸਰਕਾਰ ਅਤੇ ਸਮਾਜ ਦਾ ਇਹ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਦੇ ਅਨਾਜ ਦੇ ਇੱਕ-ਇੱਕ ਦਾਣੇ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਜੇਕਰ ਅਸੀਂ ਹੁਣ ਵੀ ਆਪਣੀਆਂ ਮੰਡੀਆਂ ਅਤੇ ਅਨਾਜ ਸੰਭਾਲ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਬਦਲਾਅ ਨਾ ਲਿਆਂਦੇ, ਤਾਂ ਖੇਤੀਬਾੜੀ ਸੰਕਟ ਹੋਰ ਗੰਭੀਰ ਰੂਪ ਧਾਰਨ ਕਰ ਲਵੇਗਾ। ਸਰਕਾਰਾਂ ਨੂੰ ਬਿਆਨਬਾਜ਼ੀ ਅਤੇ ਰਾਜਨੀਤੀ ਤੋਂ ਉਪਰ ਉਠ ਕੇ ਅਨਾਜ ਮੰਡੀਆਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਮਿਸ਼ਨ ਮੋਡ 'ਤੇ ਕੰਮ ਕਰਨਾ ਹੋਵੇਗਾ, ਤਾਂ ਜੋ ਭਵਿੱਖ ਵਿੱਚ ਕਿਸੇ ਵੀ ਕਿਸਾਨ ਦੀ ਫ਼ਸਲ ਮੰਡੀਆਂ ਵਿੱਚ ਰੁਲ ਕੇ ਬਰਬਾਦ ਨਾ ਹੋਵੇ ਅਤੇ ਦੇਸ਼ ਦੇ ਅੰਨਦਾਤੇ ਦਾ ਸਨਮਾਨ ਬਚਿਆ ਰਹੇ।

**# ਸੰਪਰਕ : 98786-05965**

# ਯੁੱਧ ਨਸ਼ਿਆਂ ਵਿਰੁੱਧ


ਗੁਰਜਿੰਦਰ ਸਿੰਘ ਸਾਹਦੜਾ

ਸਰਕਾਰਾਂ ਅਲੱਗ ਢੰਡੋਰਾ ਪਿੱਟ ਰਹੀਆਂ ਨੇ ਤੇ 'ਸਮਾਜ ਸੇਵੀ' ਅਲੱਗ ਤੋਂ ਡਾਂਗਾਂ ਚੁੱਕੀ ਫਿਰਦੇ ਨੇ, ਪਰ ਪਤਾ ਦੋਵਾਂ ਧਿਰਾਂ ਨੂੰ ਹੀ ਹੈ ਕਿ ਨਾ ਤਾਂ ਨਸ਼ੇ ਦਾ ਵਗਦਾ ਦਰਿਆ ਅੱਜ ਤੱਕ ਕਿਸੇ ਤੋਂ ਠੱਲ੍ਹਿਆ ਗਿਆ ਹੈ ਤੇ ਨਾ ਹੀ ਅਗਾਂਹ ਠੱਲ੍ਹਿਆ ਜਾਵੇਗਾ।

ਜੇਕਰ ਨਿਰਪੱਖ ਹੋ ਕੇ ਗੱਲ ਕਰੀਏ ਤਾਂ ਨਸ਼ੇ ਦੀ ਬੇਲੋੜੀ ਵਰਤੋਂ ਇਕੱਲੇ ਪੰਜਾਬ ਜਾਂ ਭਾਰਤ ਦੀ ਹੀ ਸਮੱਸਿਆ ਨਹੀਂ, ਸਗੋਂ ਪੂਰੇ ਵਿਸ਼ਵ ਵਿੱਚ ਇਹ ਵਰਤਾਰਾ ਵਾਪਰ ਰਿਹਾ ਹੈ। ਆਦਿ ਕਾਲ ਤੋਂ ਇਹ ਪ੍ਰਚਲਣ ਇਵੇਂ ਹੀ ਚਲਦਾ ਆ ਰਿਹਾ ਹੈ। ਰਮਾਇਣ, ਮਹਾਂਭਾਰਤ ਕਾਲ ਵਿੱਚ ਸੋਮਰਸ ਦੀ ਗੱਲ ਆਉਂਦੀ ਹੈ, ਯੂਨਾਨ ਵਿੱਚ ਅਫੀਮ ਦੀ। ਸਾਡਿਆਂ ਪਿੰਡਾਂ ਵਿੱਚ ਕਦੇ ਘਰ ਦੀ ਕੱਢੀ ਸ਼ਰਾਬ ਤੇ ਪੋਸਤ ਆਮ ਚੱਲਦੀ ਹੁੰਦੀ ਸੀ। ਬੇਸ਼ੱਕ ਸਮੇਂ ਅਤੇ ਵਿਗਿਆਨ ਦੀ ਪ੍ਰਗਤੀ ਨਾਲ ਸਵਰੂਪ ਬਦਲ ਗਿਆ ਹੈ - ਪਹਿਲਾਂ ਦੇਸੀ ਸ਼ਰਾਬ, ਭੰਗ, ਪੋਸਤ ਸੀ, ਹੁਣ ਚਿੱਟਾ, ਟੀਕੇ ਤੇ ਗੋਲੀਆਂ ਆ ਗਈਆਂ ਹਨ, ਪਰ ਮਾਨਸਿਕਤਾ ਹਾਲੇ ਵੀ ਉਹੀ ਹੈ। ਮਨੁੱਖ ਹਮੇਸ਼ਾ ਤੋਂ ਕਿਸੇ ਨਾ ਕਿਸੇ ਨਸ਼ੇ ਦੀ ਭਾਲ ਵਿੱਚ ਰਿਹਾ ਹੈ, ਭਾਵੇਂ ਉਹ ਨਸ਼ਾ ਸਰੀਰਕ ਹੋਵੇ ਜਾਂ ਮਾਨਸਿਕ।

ਫਿਰ ਰੌਲਾ ਕੀ ਹੈ? ਰੌਲਾ ਹੈ ਵੋਟਾਂ ਦਾ। ਰੌਲਾ ਹੈ ਆਪਣੇ ਆਪ ਨੂੰ ਸਾਬਤ ਕਰਨ ਦਾ। ਰੌਲਾ ਹੈ ਚੌਧਰ ਦਾ। ਰੌਲਾ ਹੈ ਕੁਰਸੀ ਦਾ। ਹਰ ਸਰਕਾਰ ਆਉਂਦੀ ਹੈ, 'ਯੁੱਧ ਨਸ਼ਿਆਂ ਵਿਰੁੱਧ' ਦਾ ਨਾਅਰਾ ਲਾਉਂਦੀ ਹੈ। ਪੁਲਸ ਕੁਝ ਮੁੰਡੇ ਫੜ ਲੈਂਦੀ ਹੈ, ਮੀਡੀਆ ਵਿੱਚ ਫੋਟੋਆਂ ਆ ਜਾਂਦੀਆਂ ਹਨ ਤੇ ਅਸੀਂ ਸਮਝ ਲੈਂਦੇ ਹਾਂ ਕਿ ਨਸ਼ਾ ਖ਼ਤਮ ਹੋ ਰਿਹਾ ਹੈ, ਪਰ ਅਸਲ ਵਿੱਚ ਵੱਡੇ ਮਗਰਮੱਛ ਕਦੇ ਫੜੇ ਹੀ ਨਹੀਂ ਜਾਂਦੇ। ਸਪਲਾਈ ਚੇਨ ਉਵੇਂ ਦੀ ਉਵੇਂ ਚੱਲਦੀ ਰਹਿੰਦੀ ਹੈ।

ਦੂਜੀ ਗੱਲ, ਨਸ਼ਾ ਹੈ ਕੀ? ਜੇ ਡੂੰਘਾ ਸੋਚੀਏ ਤਾਂ ਨਸ਼ਾ ਤਾਂ ਹਰ ਸ਼ੈਅ ਦੇ ਵਿੱਚ ਹੈ। ਲੋੜ ਤੋਂ ਵੱਧ ਖਾਧਾ ਨਸ਼ਾ। ਲੋੜੋਂ ਵੱਧ ਜੋੜਿਆ, ਉਹ ਨਸ਼ਾ। ਇੱਕ ਅਫਸਰ ਨੂੰ ਕੁਰਸੀ ਦਾ ਨਸ਼ਾ, ਇੱਕ ਨੇਤਾ ਨੂੰ ਸੱਤਾ ਦਾ ਨਸ਼ਾ, ਇੱਕ ਪੁਲਸ ਵਾਲੇ ਨੂੰ ਵਰਦੀ ਦਾ ਨਸ਼ਾ। ਕਿਸੇ ਨੂੰ ਰੂਪ ਦਾ ਨਸ਼ਾ। ਤਾਕਤ ਦਾ ਨਸ਼ਾ। ਸੱਤਾ ਦਾ ਨਸ਼ਾ। ਚੌਧਰ ਦਾ ਨਸ਼ਾ। ਹੰਕਾਰ ਦਾ ਨਸ਼ਾ। ਪੈਸੇ ਦਾ ਨਸ਼ਾ। ਕੀ ਉਹ ਨਸ਼ੇ ਘੱਟ ਖਤਰਨਾਕ ਹਨ? ਚਿੱਟੇ ਦਾ ਨਸ਼ਾ ਇੱਕ ਘਰ ਬਰਬਾਦ ਕਰਦਾ ਹੈ, ਜਦਕਿ ਬਾਕੀ ਨਸ਼ੇ ਪੂਰੇ ਸਮਾਜ ਨੂੰ ਬਰਬਾਦ ਕਰ ਰਹੇ ਹਨ।

ਇਸੇ ਸੱਤਾ ਤੇ ਚੌਧਰ ਦੇ ਨਸ਼ੇ ਦੀ ਭੇਟ ਚੜ੍ਹ ਗਿਆ ਸਮਾਜ ਸੇਵਾ ਦਾ ਝੰਡਾ ਚੁੱਕਣ ਵਾਲਾ ਪਰਮਿੰਦਰ ਸਿੰਘ 'ਝੋਟਾ' ਜੋ ਨਸ਼ਾ ਖਾਣ ਕਰਕੇ ਨਹੀਂ, ਸਗੋਂ ਨਸ਼ਾ ਬੰਦ ਕਰਾਉਣ ਦੇ ਯਤਨਾਂ ਵਿੱਚ ਸਿਸਟਮ ਦੀ ਭੇਟ ਚੜ੍ਹ ਗਿਆ। ਬੇਸ਼ੱਕ ਉਸ ਦਾ ਤਰੀਕਾ ਗਲਤ ਸੀ, ਪਰ ਇੱਥੇ ਇਹ ਸਵਾਲ ਵੀ ਬਣਦਾ ਹੈ ਉਸ ਦੇ ਗਲਤ ਤਰੀਕਾ ਅਪਨਾਉਣ ਦੀ ਵਜ੍ਹਾ ਕੀ ਤੇ ਕਿਉਂ ਬਣੀ? ਜ਼ਾਹਿਰ ਜਿਹੀ ਗੱਲ ਹੈ ਪ੍ਰਸ਼ਾਸਨ ਨਸ਼ਿਆਂ ਨੂੰ ਰੋਕਣ ਵਿੱਚ ਨਾਕਾਮਯਾਬ ਸਾਬਤ ਹੋਇਆ ਹੈ।ਅੱਜ ਪਿੰਡ-ਪਿੰਡ, ਸ਼ਹਿਰ-ਸ਼ਹਿਰ ਵਿੱਚ ਮੈਡੀਕਲ ਸਟੋਰ ਨਸ਼ੇ ਦੇ ਅੱਡੇ ਬਣੇ ਹੋਏ ਹਨ। ਚਿੱਟੇ ਤੋਂ ਕਈ ਗੁਣਾਂ ਖਤਰਨਾਕ ਨਸ਼ੇ - ਨੀਂਦ ਦੀਆਂ ਗੋਲੀਆਂ, ਟੀਕੇ, ਸਿਰਪ - ਉਹ ਵੀ ਮਨਮਰਜ਼ੀ ਦੀ ਕੀਮਤ 'ਤੇ ਬਿਨਾਂ ਕਿਸੇ ਪਰਚੀ ਤੋਂ ਮਿਲ ਰਹੇ ਹਨ। ਇੱਕ 15 ਸਾਲ ਦਾ ਬੱਚਾ ਜਾ ਕੇ 50 ਰੁਪਏ ਦੀ ਗੋਲੀ ਲੈ ਆਉਂਦਾ ਹੈ ਤੇ ਕੋਈ ਪੁੱਛਣ ਵਾਲਾ ਨਹੀਂ। ਜੇ ਸਰਕਾਰ ਚਾਹੇ ਤਾਂ ਇੱਕ ਦਿਨ ਵਿੱਚ ਇਹ ਸਭ ਬੰਦ ਹੋ ਸਕਦਾ ਹੈ, ਕਿਉਂਕਿ ਹਰ ਮੈਡੀਕਲ ਸਟੋਰ ਦਾ ਲਾਇਸੈਂਸ ਸਰਕਾਰ ਕੋਲ ਹੈ, ਹਰ ਦਵਾਈ ਦਾ ਰਿਕਾਰਡ ਹੈ, ਪਰ ਸੋਚੋ ਜੇਕਰ ਪੰਜਾਬ ਦੇ ਮੈਡੀਕਲ ਸਟੋਰਾਂ ਤੋਂ ਨਸ਼ਾ ਮਿਲਣਾ ਬੰਦ ਹੋ ਵੀ ਜਾਵੇ ਤਾਂ ਕੀ ਲੋਕ ਪੰਜਾਬ ਤੋਂ ਬਾਹਰੋਂ ਨਹੀਂ ਲਿਆ ਸਕਣਗੇ? ਇਸ ਲਈ ਇਕੱਲੇ ਪੰਜਾਬ ਸਰਕਾਰ ਦੇ ਯਤਨਾਂ ਨਾਲ ਕੁਝ ਹੋ ਸਕਦਾ। ਜੇ ਸਰਕਾਰ ਨੇ ਸੱਚਮੁੱਚ ਨਸ਼ੇ ਬੰਦ ਕਰਨੇ ਨੇ ਤਾਂ ਕੇਂਦਰ ਸਰਕਾਰ ਦਾ ਸਹਿਯੋਗ ਤੇ ਸਾਥ ਵੀ ਜ਼ਰੂਰੀ ਹੈ।

ਇਹੀ ਹਾਲ ਵਿਰੋਧੀ ਧਿਰਾਂ ਦਾ ਹੈ। ਰਾਜਸੀ ਲਾਹਾ ਖੱਟਣ ਲਈ ਚਾਰ ਦਿਨ ਸਰਕਾਰ ਵਿਰੁੱਧ ਨਾਅਰੇ ਲਾਉਣਗੀਆਂ, ਵਿਰੋਧੀ ਧਿਰਾਂ ਦੇ ਨੇਤਾ ਮ੍ਰਿਤਕਾਂ ਦੇ ਪਰਵਾਰਾਂ ਨਾਲ ਹਮਦਰਦੀ ਦਿਖਾਉਣਗੇ, ਭੋਗ 'ਤੇ ਜੋਸ਼ੀਲੇ ਭਾਸ਼ਣ ਦੇਣਗੇ, ਪਰ ਵਿੱਚੋਂ ਸਾਰੇ ਇੱਕੋ ਜਿਹੇ ਹੀ ਨੇ। ਨਾਂ ਤਾਂ ਆਪਣੀਆਂ ਸਰਕਾਰਾਂ ਵੇਲੇ ਸੁਹਿਰਦ ਰਹੇ ਤੇ ਨਾ ਹੀ ਦੋਬਾਰਾ ਸਰਕਾਰ ਆਉਣ 'ਤੇ ਸੁਹਿਰਦ ਹੋਣਗੇ। ਬੱਸ ਝੂਠੇ ਦਿਖਾਵੇ ਤੇ ਮਗਰਮੱਛ ਵਾਲੇ ਅੱਥਰੂ ਵਹਾਉਣਗੇ।

ਅਸਲ ਯੁੱਧ ਨਸ਼ਿਆਂ ਵਿਰੁੱਧ ਨਹੀਂ, ਸੋਚ ਵਿਰੁੱਧ ਹੋਣਾ ਚਾਹੀਦਾ ਹੈ। ਮੁਫ਼ਤ ਦੀਆਂ ਸਹੂਲਤਾਂ ਨੇ ਲੋਕ ਵਿਹਲੇ ਕਰ ਦਿੱਤੇ ਨੇ ਤੇ 'ਵਿਹਲਾ ਮਨ ਸ਼ੈਤਾਨ ਦਾ ਘਰ।' ਲੋਕਾਂ ਨੂੰ ਕੰਮ ਦਿਓ, ਬੱਚਿਆਂ ਨੂੰ ਖੇਡ ਦੇ ਮੈਦਾਨ ਦਿਓ, ਰੁਜ਼ਗਾਰ ਦਿਓ, ਉਨ੍ਹਾਂ ਨੂੰ ਪਿਆਰ ਦਿਓ। ਜਿਹੜਾ ਬੱਚਾ ਸਵੇਰੇ-ਸ਼ਾਮ ਗਰਾਊਂਡ ਵਿੱਚ ਹੋਵੇਗਾ, ਜਿਸ ਕੋਲ ਕੰਮ ਹੋਵੇਗਾ, ਉਹ ਨਸ਼ੇ ਵੱਲ ਕਿਉਂ ਜਾਵੇਗਾ? ਨਸ਼ਾ ਤਾਂ ਵਿਹਲੇ ਮਨ ਦੀ ਖੁਰਾਕ ਹੈ। ਜਦੋਂ ਤੱਕ ਅਸੀਂ ਜੜ੍ਹ 'ਤੇ ਹੱਲਾ ਨਹੀਂ ਬੋਲਦੇ, ਉਦੋਂ ਤੱਕ ਇਹ ਢੰਡੋਰੇ ਤੇ ਡਾਂਗਾਂ ਵਾਲਾ ਯੁੱਧ ਸਿਰਫ ਵੋਟਾਂ ਦਾ ਯੁੱਧ ਹੀ ਰਹੇਗਾ। ਬੇਸ਼ੱਕ ਨਸ਼ਿਆਂ ਦੇ ਵਗਦੇ ਦਰਿਆ ਨੂੰ ਠੱਲ੍ਹ ਪਾਉਣੀ ਮੁਸ਼ਕਲ ਹੈ ਪਰ ਇਸ ਦਾ ਵੇਗ ਤਾਂ ਘੱਟ ਕੀਤਾ ਜਾ ਸਕਦਾ ਹੈ।

**# ਸੰਪਰਕ : 98153-02341**

# ਅਸਹਿਮਤੀ ਦੀ ਘੇਰਾਬੰਦੀ, ਜਵਾਬਦੇਹੀ ਦੀ ਪਰਖ


ਦੀਪਾ ਬੰਡਾਲਾ

ਲੋਕਤੰਤਰ ਦੀ ਮਜ਼ਬੂਤੀ ਬੈਰੀਕੇਡਾਂ ਦੀ ਉਚਾਈ ਨਾਲ ਨਹੀਂ, ਜਵਾਬਦੇਹੀ ਦੀ ਗਹਿਰਾਈ ਨਾਲ ਮਾਪੀ ਜਾਣੀ ਚਾਹੀਦੀ ਹੈ। ਸੱਤਾ ਦਾ ਅਸਲ ਇਮਤਿਹਾਨ ਉਸ ਵੇਲੇ ਹੁੰਦਾ ਹੈ, ਜਦੋਂ ਸਾਹਮਣੇ ਉਸ ਦੀ ਸ਼ਲਾਘਾ ਕਰਨ ਵਾਲੇ ਨਹੀਂ, ਸਵਾਲ ਪੁੱਛਣ ਵਾਲੇ ਲੋਕ ਖੜ੍ਹੇ ਹੋਣ। ਉਨ੍ਹਾਂ ਦੇ ਕਦਮ ਰੋਕਣਾ ਪ੍ਰਸ਼ਾਸਨਿਕ ਸਮਰੱਥਾ ਦਾ ਪ੍ਰਗਟਾਵਾ ਹੋ ਸਕਦਾ ਹੈ; ਉਨ੍ਹਾਂ ਦੀ ਗੱਲ ਸੁਣ ਕੇ ਤੱਥਾਂ ਨਾਲ ਜਵਾਬ ਦੇਣਾ ਲੋਕਤੰਤਰੀ ਪਰਿਪੱਕਤਾ ਦੀ ਨਿਸ਼ਾਨੀ ਹੈ। ਦਿੱਲੀ ਦੇ ਜੰਤਰ-ਮੰਤਰ ਵੱਲ ਤੁਰੇ ਲੋਕਾਂ ਅਤੇ ਉਨ੍ਹਾਂ ਅੱਗੇ ਲੱਗੇ ਬੈਰੀਕੇਡਾਂ ਨੇ ਇਸੇ ਪਰਿਪੱਕਤਾ ਦਾ ਸਵਾਲ ਸਾਡੇ ਸਾਹਮਣੇ ਰੱਖਿਆ ਹੈ।

10 ਅਕਤੂਬਰ ਨੂੰ ਕਾਕਰੋਚ ਜਨਤਾ ਪਾਰਟੀ, ਜਿਸ ਨੂੰ ਸੀ ਜੇ ਪੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਵੱਲੋਂ ਸੱਦਿਆ ਗਿਆ ਇਕੱਠ ਜੰਤਰ-ਮੰਤਰ ਵਿਖੇ ਤੈਅ ਰੂਪ ਵਿੱਚ ਨਹੀਂ ਹੋ ਸਕਿਆ। ਆਗੂਆਂ ਨੂੰ ਹਿਰਾਸਤ ਵਿੱਚ ਲੈਣ, ਪਹੁੰਚ ਦੇ ਰਸਤੇ ਰੋਕਣ ਅਤੇ ਆਵਾਜਾਈ 'ਤੇ ਪਾਬੰਦੀਆਂ ਲਾਉਣ ਦੀਆਂ ਖ਼ਬਰਾਂ ਸਾਹਮਣੇ ਆਈਆਂ। ਇਸ ਦੇ ਬਾਵਜੂਦ ਦਿੱਲੀ ਦੇ ਵੱਖ-ਵੱਖ ਹਿੱਸਿਆਂ ਵਿੱਚ ਛੋਟੇ ਪ੍ਰਦਰਸ਼ਨ ਹੋਏ ਅਤੇ ਉੱਥੇ ਵੀ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ। ਇਸ ਲਈ ਘਟਨਾ ਨੂੰ ਸਿਰਫ਼ ਇੱਕ ਅਸਫਲ ਇਕੱਠ ਕਹਿ ਦੇਣਾ ਅਧੂਰੀ ਤਸਵੀਰ ਪੇਸ਼ ਕਰੇਗਾ। ਤੈਅ ਮੰਜ਼ਲ ਰੋਕੀ ਗਈ, ਪਰ ਵਿਰੋਧ ਦੀ ਆਵਾਜ਼ ਵੱਖ-ਵੱਖ ਥਾਵਾਂ ਉੱਤੇ ਉੱਠੀ।

ਅਬਰਾਹਮ ਲਿੰਕਨ ਨੇ ਆਪਣੇ ਗੈਟਿਸਬਰਗ ਭਾਸ਼ਣ ਵਿੱਚ ਲੋਕਾਂ ਦੀ, ਲੋਕਾਂ ਵੱਲੋਂ, ਲੋਕਾਂ ਲਈ ਸਰਕਾਰ ਦੀ ਗੱਲ ਕੀਤੀ ਸੀ। ਇਸ ਵਿਚਾਰ ਦੀ ਕਸੌਟੀ ਉੱਤੇ ਨਾਗਰਿਕ ਕੇਵਲ ਵੋਟ ਪਾਉਣ ਵਾਲਾ ਵਿਅਕਤੀ ਨਹੀਂ, ਸਗੋਂ ਜਨਤਕ ਫ਼ੈਸਲਿਆਂ ਬਾਰੇ ਸਵਾਲ ਪੁੱਛਣ ਵਾਲਾ ਭਾਗੀਦਾਰ ਵੀ ਹੈ। ਚੋਣਾਂ ਰਾਹੀਂ ਮਿਲਿਆ ਲੋਕ-ਫ਼ਤਵਾ ਸਰਕਾਰ ਨੂੰ ਫ਼ੈਸਲੇ ਕਰਨ ਦੀ ਤਾਕਤ ਦਿੰਦਾ ਹੈ, ਉਨ੍ਹਾਂ ਫ਼ੈਸਲਿਆਂ ਬਾਰੇ ਜਵਾਬ ਦੇਣ ਦੀ ਜ਼ਿੰਮੇਵਾਰੀ ਵੀ ਨਾਲ ਲਿਆਉਂਦਾ ਹੈ।

ਪ੍ਰਸ਼ਾਸਨ ਨੇ ਅਮਨ-ਕਾਨੂੰਨ ਦੇ ਖ਼ਤਰੇ ਅਤੇ ਨਿਰਧਾਰਤ ਪ੍ਰਕਿਰਿਆ ਦੀ ਪਾਲਣਾ ਨਾ ਹੋਣ ਨੂੰ ਇਕੱਠ ਦੀ ਆਗਿਆ ਰੱਦ ਕਰਨ ਦਾ ਆਧਾਰ ਦੱਸਿਆ। ਜਨਤਕ ਸੁਰੱਖਿਆ ਦੀ ਚਿੰਤਾ ਨੂੰ ਹਲਕੇ ਵਿੱਚ ਨਹੀਂ ਲਿਆ ਜਾ ਸਕਦਾ, ਪਰ ਇਸ ਦੇ ਨਾਲ ਇਹ ਪਰਖ ਵੀ ਜ਼ਰੂਰੀ ਹੈ ਕਿ ਪਾਬੰਦੀਆਂ ਦਾ ਘੇਰਾ ਕਿੰਨਾ ਲੋੜੀਂਦਾ ਸੀ ਅਤੇ ਸ਼ਾਂਤਮਈ ਢੰਗ ਨਾਲ ਆਪਣਾ ਪੱਖ ਰੱਖਣ ਲਈ ਲੋਕਾਂ ਨੂੰ ਕਿਹੜਾ ਬਦਲਵਾਂ ਰਾਹ ਮਿਲਿਆ। ਨਿਰਧਾਰਤ ਸਮਾਂ, ਸੀਮਤ ਗਿਣਤੀ, ਬਦਲਵੀਂ ਥਾਂ ਜਾਂ ਨੁਮਾਇੰਦਿਆਂ ਨਾਲ ਗੱਲਬਾਤ ਵਰਗੇ ਪ੍ਰਬੰਧ ਟਕਰਾਅ ਘਟਾਉਣ ਦੇ ਰਸਤੇ ਬਣ ਸਕਦੇ ਹਨ।

ਇਸ ਘਟਨਾ ਦਾ ਇੱਕ ਅਹਿਮ ਪੱਖ ਆਵਾਜਾਈ ਉੱਤੇ ਲੱਗੀਆਂ ਪਾਬੰਦੀਆਂ ਹੈ। ਰਿਪੋਰਟਾਂ ਅਨੁਸਾਰ ਕਈ ਮੈਟਰੋ ਸਟੇਸ਼ਨਾਂ ਤੱਕ ਪਹੁੰਚ ਰੋਕੀ ਗਈ ਅਤੇ ਰੇਲ ਸੇਵਾਵਾਂ ਰੱਦ ਜਾਂ ਪ੍ਰਭਾਵਤ ਹੋਈਆਂ। ਅਜਿਹੇ ਕਦਮਾਂ ਦਾ ਅਸਰ ਕੇਵਲ ਪ੍ਰਦਰਸ਼ਨਕਾਰੀਆਂ ਉੱਤੇ ਨਹੀਂ ਪੈਂਦਾ। ਕੰਮ 'ਤੇ ਜਾਣ ਵਾਲਾ ਮੁਲਾਜ਼ਮ, ਇਲਾਜ ਲਈ ਨਿਕਲਿਆ ਮਰੀਜ਼ ਅਤੇ ਰੋਜ਼ੀ ਕਮਾਉਣ ਤੁਰਿਆ ਮਜ਼ਦੂਰ ਵੀ ਉਸੇ ਆਵਾਜਾਈ ਪ੍ਰਬੰਧ ਉੱਤੇ ਨਿਰਭਰ ਕਰਦੇ ਹਨ। ਇੱਕ ਇਕੱਠ ਨੂੰ ਰੋਕਣ ਲਈ ਆਮ ਨਾਗਰਿਕਾਂ ਦੇ ਸਫ਼ਰ 'ਤੇ ਪੈਣ ਵਾਲੇ ਅਸਰ ਦਾ ਹਿਸਾਬ ਵੀ ਹੋਣਾ ਚਾਹੀਦਾ ਹੈ।

ਅੰਦੋਲਨਾਂ ਦੌਰਾਨ ਪ੍ਰਦਰਸ਼ਨਕਾਰੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਨ੍ਹਾਂ ਕਾਰਨ ਆਮ ਲੋਕਾਂ ਨੂੰ ਪਰੇਸ਼ਾਨੀ ਨਾ ਹੋਵੇ। ਇਹ ਉਮੀਦ ਵਾਜਬ ਹੈ, ਪਰ ਇਹੀ ਮਾਪਦੰਡ ਪ੍ਰਸ਼ਾਸਨ ਦੇ ਕਦਮਾਂ ਉੱਤੇ ਵੀ ਲਾਗੂ ਹੋਣਾ ਚਾਹੀਦਾ ਹੈ। ਸੜਕ ਇਕੱਠ ਕਾਰਨ ਰੁਕੇ ਜਾਂ ਉਸ ਨੂੰ ਰੋਕਣ ਲਈ ਕੀਤੀ ਬੈਰੀਕੇਡਿੰਗ ਕਾਰਨ—ਨਾਗਰਿਕ ਦੀ ਮੁਸ਼ਕਲ ਦੋਵਾਂ ਹਾਲਤਾਂ ਵਿੱਚ ਵਿਚਾਰੀ ਜਾਣੀ ਚਾਹੀਦੀ ਹੈ।

ਸੀ ਜੇ ਪੀ ਦੇ ਮੁੱਖ ਆਗੂ ਅਭਿਜੀਤ ਦੀਪਕੇ, ਸੌਰਵ ਦਾਸ ਅਤੇ ਆਸ਼ੂਤੋਸ਼ ਰਾਂਕਾ ਨੂੰ ਦਿੱਲੀ ਪਹੁੰਚਣ 'ਤੇ ਹਵਾਈ ਅੱਡੇ ਵਿਖੇ ਹਿਰਾਸਤ ਵਿੱਚ ਲੈਣ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ। ਅਜਿਹੀ ਕਾਰਵਾਈ ਦਾ ਆਧਾਰ ਸਪੱਸ਼ਟ ਹੋਣਾ ਚਾਹੀਦਾ ਹੈ। ਆਗੂਆਂ ਨੂੰ ਹਿਰਾਸਤ ਵਿੱਚ ਲੈਣ ਨਾਲ ਉਹ ਸਵਾਲ ਹਿਰਾਸਤ ਵਿੱਚ ਨਹੀਂ ਚਲੇ ਜਾਂਦੇ, ਜਿਨ੍ਹਾਂ ਨੂੰ ਲੈ ਕੇ ਲੋਕ ਘਰੋਂ ਤੁਰੇ ਸਨ।

ਪਹੁੰਚੇ ਲੋਕਾਂ ਦੀ ਗਿਣਤੀ ਦੇ ਆਧਾਰ ਉੱਤੇ ਅੰਦੋਲਨ ਦੇ ਸਮਰਥਨ ਬਾਰੇ ਵੀ ਜਲਦਬਾਜ਼ੀ ਵਿੱਚ ਨਤੀਜਾ ਨਹੀਂ ਕੱਢਣਾ ਚਾਹੀਦਾ। ਜਦੋਂ ਰਸਤੇ ਪ੍ਰਭਾਵਤ ਹੋਣ ਅਤੇ ਲੋਕਾਂ ਨੂੰ ਪਹਿਲਾਂ ਹੀ ਰੋਕਿਆ ਜਾ ਰਿਹਾ ਹੋਵੇ, ਤਾਂ ਮੰਜ਼ਲ ਉੱਤੇ ਦਿਸਦੀ ਭੀੜ ਪੂਰਾ ਪੈਮਾਨਾ ਨਹੀਂ ਬਣ ਸਕਦੀ। ਇਸੇ ਤਰ੍ਹਾਂ ਪ੍ਰਬੰਧਕਾਂ ਦੇ ਵੱਡੇ ਦਾਅਵੇ ਵੀ ਬਿਨਾਂ ਪਰਖੇ ਸਵੀਕਾਰ ਨਹੀਂ ਕੀਤੇ ਜਾ ਸਕਦੇ। ਹਾਜ਼ਰੀ ਅਤੇ ਹਿਰਾਸਤਾਂ ਬਾਰੇ ਭਰੋਸੇਯੋਗ ਜਾਣਕਾਰੀ ਹੀ ਸਹੀ ਤਸਵੀਰ ਪੇਸ਼ ਕਰ ਸਕਦੀ ਹੈ।

ਇਨ੍ਹਾਂ ਬੈਰੀਕੇਡਾਂ ਦੇ ਪਿੱਛੇ ਮੁੱਖ ਵਿਵਾਦ ਵੋਟਰ ਸੂਚੀਆਂ ਦੀ ਸੋਧ ਅਤੇ ਚੋਣ ਪ੍ਰਣਾਲੀ ਪ੍ਰਤੀ ਭਰੋਸੇ ਦਾ ਹੈ। ਸੀ ਜੇ ਪੀ ਨੇ ਇਸ ਪ੍ਰਕਿਰਿਆ 'ਤੇ ਇਤਰਾਜ਼ ਉਠਾਉਂਦਿਆਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਇਹ ਜਥੇਬੰਦੀ ਦਾ ਪੱਖ ਹੈ; ਇਸ ਦੇ ਦੋਸ਼ਾਂ ਦੀ ਪਰਖ ਸਬੂਤਾਂ ਦੇ ਆਧਾਰ ਉੱਤੇ ਹੋਣੀ ਚਾਹੀਦੀ ਹੈ। ਵੋਟਰ ਸੂਚੀਆਂ ਵਿੱਚ ਗ਼ਲਤੀਆਂ ਦੂਰ ਕਰਨਾ ਜ਼ਰੂਰੀ ਹੈ, ਪਰ ਯੋਗ ਨਾਗਰਿਕ ਦਾ ਨਾਂਅ ਬਚਾਉਣਾ ਵੀ ਓਨਾ ਹੀ ਅਹਿਮ ਹੈ। ਨਾਂਅ ਹਟਾਉਣ ਦਾ ਕਾਰਨ ਸਪੱਸ਼ਟ ਹੋਵੇ, ਆਪਣਾ ਪੱਖ ਰੱਖਣ ਦਾ ਮੌਕਾ ਮਿਲੇ ਅਤੇ ਗ਼ਲਤੀ ਠੀਕ ਕਰਵਾਉਣ ਦਾ ਤਰੀਕਾ ਸੁਖਾਲਾ ਹੋਵੇ।

ਪ੍ਰਦਰਸ਼ਨਕਾਰੀਆਂ ਦੀ ਜ਼ਿੰਮੇਵਾਰੀ ਵੀ ਘੱਟ ਨਹੀਂ। ਸਬੂਤਾਂ ਨਾਲ ਇਤਰਾਜ਼ ਰੱਖਣਾ, ਸ਼ਾਂਤਮਈ ਵਿਹਾਰ ਕਰਨਾ ਅਤੇ ਜਨਤਕ ਜਾਇਦਾਦ ਦੀ ਰੱਖਿਆ ਅੰਦੋਲਨ ਦੀ ਭਰੋਸੇਯੋਗਤਾ ਵਧਾਉਂਦੇ ਹਨ। ਭੜਕਾਊ ਭਾਸ਼ਾ ਅਤੇ ਬਿਨਾਂ ਪਰਖੇ ਦਾਅਵੇ ਮੁੱਖ ਮੁੱਦੇ ਨੂੰ ਕਮਜ਼ੋਰ ਕਰ ਸਕਦੇ ਹਨ। ਲੋਕਾਂ ਦੀ ਆਵਾਜ਼ ਦੀ ਤਾਕਤ ਉਸ ਦੇ ਤਰਕ ਅਤੇ ਅਨੁਸ਼ਾਸਨ ਵਿੱਚ ਵੀ ਹੁੰਦੀ ਹੈ।

ਜੰਤਰ-ਮੰਤਰ ਦੀ ਘਟਨਾ ਇੱਕ ਜਥੇਬੰਦੀ ਦੀ ਜਿੱਤ ਜਾਂ ਹਾਰ ਤੋਂ ਵੱਡਾ ਸਵਾਲ ਰੱਖਦੀ ਹੈ। ਅੱਜ ਚੋਣ ਪ੍ਰਣਾਲੀ ਬਾਰੇ ਇਤਰਾਜ਼ ਹਨ; ਕੱਲ੍ਹ ਕਿਸਾਨ, ਮਜ਼ਦੂਰ, ਵਿਦਿਆਰਥੀ ਜਾਂ ਮੁਲਾਜ਼ਮ ਕਿਸੇ ਹੋਰ ਸ਼ਿਕਾਇਤ ਨਾਲ ਸਾਹਮਣੇ ਆ ਸਕਦੇ ਹਨ। ਆਪਣੀ ਗੱਲ ਰੱਖਣ ਦੀ ਥਾਂ ਅਤੇ ਜਵਾਬ ਮਿਲਣ ਦੀ ਉਮੀਦ ਸਭ ਲਈ ਕਾਇਮ ਰਹਿਣੀ ਚਾਹੀਦੀ ਹੈ। ਨਾਗਰਿਕ ਨੂੰ ਭਰੋਸਾ ਹੋਵੇ ਕਿ ਉਸ ਦੀ ਗੱਲ ਸੁਣਨ ਤੋਂ ਪਹਿਲਾਂ ਉਸ ਦਾ ਸਿਆਸੀ ਪੱਖ ਨਹੀਂ ਤੋਲਿਆ ਜਾਵੇਗਾ।

ਬੈਰੀਕੇਡ ਹਟਣ ਨਾਲ ਸੜਕਾਂ 'ਤੇ ਆਵਾਜਾਈ ਬਹਾਲ ਹੋ ਸਕਦੀ ਹੈ, ਪਰ ਲੋਕਾਂ ਦਾ ਭਰੋਸਾ ਬਹਾਲ ਕਰਨ ਲਈ ਉਨ੍ਹਾਂ ਦੇ ਇਤਰਾਜ਼ ਸੁਣਨੇ ਅਤੇ ਤੱਥਾਂ ਨਾਲ ਜਵਾਬ ਦੇਣੇ ਪੈਣਗੇ। ਜੰਤਰ-ਮੰਤਰ ਦੀ ਘਟਨਾ ਤੋਂ ਅੱਗੇ ਵਧਣ ਦਾ ਰਾਹ ਵੀ ਇਸੇ ਜਵਾਬਦੇਹੀ ਵਿੱਚੋਂ ਨਿਕਲਦਾ ਹੈ। ਲੋਕਤੰਤਰ ਦੀ ਅਸਲ ਜਿੱਤ ਉਸ ਦਿਨ ਹੋਵੇਗੀ, ਜਦੋਂ ਨਾਗਰਿਕ ਸਵਾਲ ਲੈ ਕੇ ਘਰੋਂ ਤੁਰੇ ਅਤੇ ਜਵਾਬ ਲੈ ਕੇ ਮੁੜੇ।

**# ਸੰਪਰਕ : +14163996594, ਐਡਮੰਟਨ, ਕੈਨੇਡਾ**

